
# ਬ੍ਰੈਂਪਟਨ ਦੇ ਨੈਚੁਰਲ ਹੈਰੀਟੇਜ ਸਿਸਟਮ (ਐਨ.ਐਚ.ਐਸ.) ਦੀ ਮੌਜੂਦਗੀ ਵਿੱਚ ਰਹਿਣਾ



BRAMPTON

# ਬ੍ਰੈਂਪਟਨ ਦਾ
# ਨੈਚੁਰਲ ਹੈਰੀਟੇਜ ਸਿਸਟਮ

ਇਸ ਨਕਸ਼ੇ ਨੂੰ ਵਿਸਤਾਰ ਵਿੱਚ ਦੇਖਣ ਲਈ,
**brampton.ca/nhs**
ਤੇ ਜਾਓ



# ਵਿਸ਼ਾ ਸੂਚੀ


ਐਨ.ਐਚ.ਐਸ. (NHS) ਕੀ ਹੈ? . . . . . . . . . . . . . . . . . . . . . . . . . . 2

ਈਕੋਸਿਸਟਮ ਸੇਵਾਵਾਂ, ਜੋ ਐਨ.ਐਚ.ਐਸ. ਪ੍ਰਦਾਨ ਕਰਦਾ ਹੈ . . . . . . . . . . . . . . . 4

ਸਟੌਰਮਵਾਟਰ ਅਤੇ ਪਾਣੀ ਦੀ ਗੁਣਵੱਤਾ . . . . . . . . . . . . . . . . . . . . . . 5

ਮੂਲ ਸਪੈਸੀਜ: ਪੌਦੇ . . . . . . . . . . . . . . . . . . . . . . . . . 6

ਮੂਲ ਸਪੈਸੀਜ: ਜਾਨਵਰ . . . . . . . . . . . . . . . . . . . . . . . . 8

ਆਕਰਮਣਸ਼ੀਲ ਸਪੈਸੀਜ . . . . . . . . . . . . . . . . . . . . . . . . 10

ਤੁਸੀਂ ਐਨ.ਐਚ.ਐਸ. ਦੀ ਹਿਮਾਇਤ ਕਿਵੇਂ ਕਰ ਸਕਦੇ ਹੋ: ਘਰ ਵਿਖੇ. . . . . . . . . . . . . 12

ਤੁਸੀਂ ਐਨ.ਐਚ.ਐਸ. ਦੀ ਹਿਮਾਇਤ ਕਿਵੇਂ ਕਰ ਸਕਦੇ ਹੋ: ਘੁੰਮਣ ਵੇਲੇ . . . . . . . . . . 13

ਅਕਸਰ ਪੁੱਛੇ ਜਾਣ ਵਾਲੇ ਸਵਾਲ . . . . . . . . . . . . . . . . . . . . . . 14

ਸ਼ਬਦਾਵਲੀ . . . . . . . . . . . . . . . . . . . . . . . . . . . . 16

# ਐਨ.ਐਚ.ਐਸ. ਕੀ ਹੈ?

ਐਨ.ਐਚ.ਐਸ. ਦਾ ਮਤਲਬ ਹੈ, ਨੈਚੁਰਲ ਹੈਰੀਟੇਜ ਸਿਸਟਮ; ਇਸ ਸ਼ਬਦ ਦੀ ਵਰਤੋਂ, ਬ੍ਰੈਂਪਟਨ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ ਅਤੇ ਖੇਤਰਾਂ ਦਾ ਵਰਣਨ ਕਰਨ ਲਈ ਕੀਤੀ ਜਾਂਦੀ ਹੈ। ਐਨ.ਐਚ.ਐਸ. ਆਪਸ ਵਿੱਚ ਜੁੜੇ ਜੰਗਲਾਂ, ਪਾਣੀ ਦੇ ਮਾਰਗਾਂ, ਵੈਟਲੈਂਡਸ ਅਤੇ ਮੇਡੋਜ ਤੋਂ ਬਣਿਆ ਹੈ, ਜਿਹਨਾਂ ਨੂੰ ਬਾਇਓਡਾਇਵਰਸਿਟੀ ਅਤੇ ਈਕੋਲੋਜੀਕਲ ਪ੍ਰਕਿਰਿਆਵਾਂ ਦੀ ਸੁਰੱਖਿਆ ਲਈ ਬਚਾ ਕੇ ਰੱਖਿਆ ਅਤੇ ਸੰਭਾਲਿਆ ਜਾਂਦਾ ਹੈ। ਐਨ.ਐਚ.ਐਸ. ਬ੍ਰੈਂਪਟਨ ਵਿੱਚ ਹਰ ਕਿਤੇ ਹੈ, ਅਤੇ ਤੁਸੀਂ ਲੋਕਲ ਪਾਰਕਾਂ ਵਿੱਚ ਜਾਓਗੇ ਤਾਂ ਅਕਸਰ ਇਹਨਾਂ ਕੁਦਰਤੀ ਵਿਸ਼ੇਸ਼ਤਾਵਾਂ ਨੂੰ ਦੇਖੋਗੇ। ਸਿਟੀ ਆਫ ਬ੍ਰੈਂਪਟਨ, ਕੁਦਰਤੀ ਅਤੇ ਨਿਰਮਿਤ ਵਾਤਾਵਰਣ ਤੋਂ ਬਣੇ ਬੇਜੋੜ ਜਾਨਦਾਰ ਲੈਂਡਸਕੇਪ ਪੇਸ਼ ਕਰਦੀ ਹੈ।


**ਕੀ ਤੁਹਾਨੂੰ ਪਤਾ ਹੈ?**

ਬ੍ਰੈਂਪਟਨ ਦੇ ਜੰਗਲ, ਕੈਰੋਲੀਨੀਅਨ (Carolinian) ਜ਼ੋਨ ਦਾ ਹਿੱਸਾ ਹਨ। ਇਸ ਜ਼ੋਨ ਵਿੱਚ, ਕੈਨੇਡਾ ਦੇ ਕਿਸੇ ਵੀ ਹੋਰ ਜੰਗਲ ਜ਼ੋਨ ਦੇ ਮੁਕਾਬਲੇ, ਲੁਪਤ ਹੋਣ ਵਾਲੀਆਂ ਅਤੇ ਵਿਰਲੀਆਂ ਸਪੈਸੀਜ ਹਨ। ਇਸ ਕਰਕੇ ਇਹਨਾਂ ਥਾਵਾਂ ਤੇ ਜਾਓ ਤਾਂ ਕੁਦਰਤੀ ਨਿਵਾਸ ਸਥਾਨ ਨੂੰ ਨੁਕਸਾਨ ਪਹੁੰਚਣ ਅਤੇ ਖਰਾਬ ਹੋਣ ਤੋਂ ਬਚਾਉਣ ਲਈ ਪਗਡੰਡੀ ਤੇ ਰਹਿਣਾ ਜ਼ਰੂਰੀ ਹੈ।

## ਐਨ.ਐਚ.ਐਸ. ਦੀਆਂ ਵਿਸ਼ੇਸ਼ਤਾਵਾਂ

**ਜੰਗਲ** – ਬਹੁਤ ਵੱਡੀ ਮਾਤਰਾ ਵਿੱਚ ਰੁੱਖਾਂ, ਝਾੜੀਆਂ ਅਤੇ ਫੁੱਲਾਂ ਨਾਲ ਢਕੀ ਜ਼ਮੀਨ ਦੇ ਖੇਤਰ। ਜੰਗਲ, ਪੌਦਿਆਂ ਅਤੇ ਜਾਨਵਰਾਂ ਲਈ ਘਰ ਪ੍ਰਦਾਨ ਕਰਦੇ ਹਨ, ਹੜ੍ਹ ਆਉਣ ਨੂੰ ਘਟਾਉਂਦੇ ਹਨ ਅਤੇ ਹਵਾ ਨੂੰ ਸਾਫ ਕਰਦੇ ਹਨ। ਉਹ ਅਰਾਮ ਕਰਨ ਅਤੇ ਸਰਗਰਮ ਰਹਿਣ ਲਈ ਸ਼ਾਨਦਾਰ ਥਾਵਾਂ ਹਨ। ਬਾਈਕ ਤੇ ਮੈਸੀ ਵੁਡਲੈਂਡ (Massey Woodland) ਜਾਂ ਸਪ੍ਰਿੰਗਡੇਲ ਫੋਰੈਸਟ (Springdale Forest) ਵਿਖੇ ਜਾਓ!

**ਘਾਟੀ ਦੀਆਂ ਜ਼ਮੀਨਾਂ** – ਇਹ ਖੇਤਰ, ਹੈਡਵਾਟਰਸ (ਨਦੀ ਜਾਂ ਨਹਿਰ ਦਾ ਸਰੋਤ ਜਾਂ ਨਿਕਾਸ) ਤੋਂ ਪਾਣੀ ਪ੍ਰਾਪਤ ਕਰਦੇ ਹਨ ਅਤੇ ਨਹਿਰਾਂ ਤੋਂ ਲੈ ਕੇ ਲੇਕ ਓਨਟੈਰੀਓ (Lake Ontario) ਤੱਕ ਲੈ ਕੇ ਜਾਂਦੇ ਹਨ। ਇਹ ਮੱਛੀ ਲਈ ਕੁਦਰਤੀ ਨਿਵਾਸ ਸਥਾਨ ਪ੍ਰਦਾਨ ਕਰਦੇ ਹਨ ਅਤੇ ਪੌਦਿਆਂ ਲਈ ਅਤੇ ਜਾਨਵਰਾਂ ਨੂੰ ਖੇਤਰਾਂ ਵਿਚਕਾਰ ਆਉਣ-ਜਾਣ ਦੇਣ ਲਈ ਕੋਰੀਡਰ ਵਜੋਂ ਕੰਮ ਕਰਦੇ ਹਨ। ਬ੍ਰੈਂਪਟਨ ਦੇ ਤਿੰਨ ਮੁੱਖ ਘਾਟੀ ਕੋਰੀਡੋਰ ਹਨ, ਕ੍ਰੈਡਿਟ ਰਿਵਰ (Credit River) ਅਤੇ ਫਲੈਚਰਸ ਕ੍ਰੀਕ (Fletcher's Creek), ਈਟੋਬੀਕੋ ਕ੍ਰੀਕ (Etobicoke Creek) ਅਤੇ ਵੈਸਟ ਹੰਬਰ ਰਿਵਰ (West Humber River)।



ਸਪ੍ਰਿੰਗਡੇਲ ਫੋਰੈਸਟ (Springdale Forest)




ਈਟੋਬੀਕੋ ਕ੍ਰੀਕ ਟ੍ਰੇਲ (Etobicoke Creek Trail)

**ਵੈਟਲੈਂਡਸ** – ਕਈ ਵੱਖ-ਵੱਖ ਤਰ੍ਹਾਂ ਦੀਆਂ ਵੈਟਲੈਂਡਸ ਹਨ, ਜਿਹਨਾਂ ਵਿੱਚ ਸ਼ਾਮਲ ਹਨ, ਦਲਦਲਾਂ, ਖੋਭੇ, ਕਛਾਰਾਂ ਅਤੇ ਦਲਦਲੀ ਜ਼ਮੀਨਾਂ। ਵੈਟਲੈਂਡਸ ਪ੍ਰਦੂਸ਼ਕਾਂ ਨੂੰ ਹਟਾਉਂਦੇ ਹੋਏ, ਲੋਕਲ ਸਪੈਸੀਜ਼ ਲਈ ਸਾਫ-ਸੁਥਰੇ ਨਿਵਾਸ-ਸਥਾਨ ਬਣਾਉਂਦੇ ਹੋਏ, ਅਸਥਾਈ ਤੌਰ ਤੇ ਸਟੌਰਮਵਾਟਰ ਰਨਆਫ ਨੂੰ ਪਾਣੀ ਦੇ ਮਾਰਗਾਂ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ, ਇਸਨੂੰ ਸਟੋਰ ਅਤੇ ਫਿਲਟਰ ਕਰਦੀਆਂ ਹਨ। ਵੈਟਲੈਂਡ ਦੇ ਕੰਮ ਦਾ ਅਨੁਭਵ ਲੈਣ ਲਈ ਹਾਰਟ ਲੇਕ ਕਨਜ਼ਰਵੇਸ਼ਨ ਏਰੀਆ (Heart Lake Conservation Area) ਵਿਖੇ ਜਾਓ!



ਕਨਜ਼ਰਵੇਸ਼ਨ ਡਾ. ਪਾਰਕ ਵੈਟਲੈਂਡ
(Conservation Dr. Park Wetland)

**ਪਾਣੀ ਦੇ ਮਾਰਗ ਅਤੇ ਝੀਲਾਂ** – ਧੁੱਪ, ਸਪੋਰਟਸ, ਮੱਛੀ ਫੜ੍ਹਨਾ ਅਤੇ ਖੂਬਸੂਰਤ ਨਜ਼ਾਰੇ – ਇਹ ਸਭ ਅਤੇ ਹੋਰ ਵੀ ਬਹੁਤ ਕੁਝ ਬ੍ਰੈਂਪਟਨ ਦੀਆਂ ਖੂਬਸੂਰਤ ਝੀਲਾਂ ਅਤੇ ਬੀਚਸ ਵਿਖੇ ਦੇਖੋ! ਬ੍ਰੈਂਪਟਨ ਦੀਆਂ ਦਿਲਖਿੱਚਵੀਆਂ ਝੀਲਾਂ ਅਤੇ ਨਦੀਆਂ, ਜੋ ਬੇਹਦ ਦਿੱਲਖਿੱਚਵੀਆਂ ਹਨ, ਪਰ ਲੋਕਾਂ ਨੂੰ ਇਹਨਾਂ ਬਾਰੇ ਜ਼ਿਆਦਾ ਪਤਾ ਨਹੀਂ ਹੈ, ਜੋ ਲੁਪਤ ਹੋਣ ਵਾਲੀਆਂ ਰੈਡਸਾਈਡ ਡੇਸ ਸਮੇਤ, ਕਈ ਤਰ੍ਹਾਂ ਦੀਆਂ ਪਾਣੀ ਸਬੰਧੀ ਸਪੈਸੀਜ਼ ਦਾ ਘਰ ਹਨ! ਬ੍ਰੈਂਪਟਨ ਵਿੱਚ ਖੁਦ-ਗਾਈਡ ਕੀਤੇ ਟੂਰ ਦੁਆਰਾ ਕਈ ਝੀਲਾਂ ਅਤੇ ਬੀਚਸ ਦਾ ਅਨੰਦ ਲੈਣ ਲਈ: www.brampton.ca/lakestour ਤੇ ਜਾਓ।



ਨੋਰਟਨ ਲੇਕ (Norton Lake)

**ਮੇਡੋਜ਼** – ਅਕਸਰ ਰੰਗ-ਬਿਰੰਗੇ ਜੰਗਲੀ ਫੁੱਲਾਂ ਨਾਲ ਭਰੇ ਅਤੇ ਪੰਛੀਆਂ ਅਤੇ ਕੀੜੇ-ਮਕੌੜਿਆਂ ਦੀਆਂ ਅਵਾਜ਼ਾਂ ਨਾਲ ਜੀਵੰਤ, ਇਹ ਬਾਇਓਡਾਇਵਰਸਿਟੀ ਹੌਟਸਪੌਟ, ਜੰਗਲੀ ਜੀਵਾਂ ਦਾ ਸਹਾਰਾ ਬਣਦੇ ਹਨ, ਕਾਰਬਨ ਨਿਕਾਸੀਆਂ ਨੂੰ ਖਿੱਚਦੇ ਹਨ ਅਤੇ ਵਰਖਾ ਦੇ ਪਾਣੀ ਨੂੰ ਸਟੋਰ ਕਰਕੇ ਹੜ੍ਹਾਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ। ਮੇਡੋਜ਼, ਫੋਟੋ ਖਿੱਚਣ ਅਤੇ ਦੋਸਤਾਂ ਅਤੇ ਪਰਿਵਾਰ ਦੇ ਨਾਲ ਸੈਰ ਤੇ ਜਾਣ ਦੀ ਸ਼ਾਨਦਾਰ ਥਾਂ ਹਨ। ਕਾਓਟਨ ਫੈਮਿਲੀ ਮੇਡੋ (Cowton Family Meadow) ਵਿਖੇ ਜਾਓ ਅਤੇ ਬਹੁਤ ਸਾਰੀਆਂ ਤਿਤਲੀਆਂ ਦੇਖੋ!



ਕਾਓਟਨ ਫੈਮਿਲੀ ਮੇਡੋਜ਼ (Cowton Family Meadow)



ਸਿਟੀ ਆਫ ਬ੍ਰੈਂਪਟਨ, ਨੈਚੁਰਲ ਹੈਰੀਟੇਜ ਐਂਡ ਐਨਵਾਇਰਨਮੈਂਟਲ ਮੈਨੇਜਮੈਂਟ ਸਟ੍ਰੈਟਜੀ (Natural Heritage and Environmental Management Strategy) ਦੁਆਰਾ ਕੁਦਰਤੀ ਖੇਤਰਾਂ ਨੂੰ ਬਹਾਲ ਕਰਨ ਲਈ ਸਰਗਰਮ ਤੌਰ ਤੇ ਕੰਮ ਕਰ ਰਹੀ ਹੈ

**ਵਧੇਰੇ ਜਾਣਕਾਰੀ ਲਈ, brampton.ca/nhs ਤੇ ਜਾਓ!**

**ਕੀ ਤੁਹਾਨੂੰ ਪਤਾ ਹੈ?**

# ਈਕੋਸਿਸਟਮ ਸੇਵਾਵਾਂ, ਜੋ ਐਨ.ਐਚ.ਐਸ. ਪ੍ਰਦਾਨ ਕਰਦਾ ਹੈ



**ਬ੍ਰੈਂਪਟਨ ਦਾ ਨੈਚੁਰਲ ਹੈਰੀਟੇਜ ਸਿਸਟਮ (ਐਨ.ਐਚ.ਐਸ.), ਕਈ ਤਰ੍ਹਾਂ ਦੀਆਂ ਜ਼ਰੂਰੀ ਈਕੋਸਿਸਟਮ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਸਿਟੀ ਅਤੇ ਇਸਦੇ ਵਸਨੀਕਾਂ ਨੂੰ ਕਈ ਤਰੀਕਿਆਂ ਨਾਲ ਫਾਇਦਾ ਦਿੰਦੀਆਂ ਹਨ:**





**ਬਾਇਓਡਾਇਵਰਸਿਟੀ ਹਿਮਾਇਤ:**
ਐਨ.ਐਚ.ਐਸ. ਬਾਇਓਡਾਇਵਰਸਿਟੀ ਕਨਜ਼ਰਵੇਸ਼ਨ ਵਿੱਚ ਯੋਗਦਾਨ ਪਾਉਂਦੇ ਹੋਏ ਅਤੇ ਈਕੋਲੋਜੀਕਲ ਸੰਤੁਲਨ ਕਾਇਮ ਰੱਖਦੇ ਹੋਏ, ਪੌਦਿਆਂ ਅਤੇ ਜਾਨਵਰਾਂ ਦੀਆਂ ਵੰਨ-ਸੁਵੰਨੀਆਂ ਸਪੈਸੀਜ਼ ਲਈ ਘਰ ਵਜੋਂ ਕੰਮ ਕਰਦਾ ਹੈ।

**ਕਾਰਬਨ ਰੋਕ:**
ਰੁੱਖ ਅਤੇ ਬਨਸਪਤੀ, ਜਲਵਾਯੂ ਸਬੰਧੀ ਬਦਲਾਅ ਨੂੰ ਘਟਾਉਂਦੇ ਹੋਏ ਅਤੇ ਹਵਾ ਦੀ ਕੁਆਲਿਟੀ ਵਿੱਚ ਸੁਧਾਰ ਕਰਦੇ ਹੋਏ, ਕਾਰਬਨ ਡਾਈਆਕਸਾਈਡ ਨੂੰ ਖਿੱਚਣ ਅਤੇ ਸਟੋਰ ਕਰਨ ਵਿੱਚ ਮਦਦ ਕਰਦੇ ਹਨ।

**ਹੜ੍ਹਾਂ ਨੂੰ ਘਟਾਉਣਾ:**
ਐਨ.ਐਚ.ਐਸ. ਦੇ ਅੰਦਰ ਵੈਟਲੈਂਡ ਅਤੇ ਪਾਣੀ ਸਬੰਧੀ ਕੁਦਰਤੀ ਵਿਸ਼ੇਸ਼ਤਾਵਾਂ, ਵਰਖਾ ਦੇ ਵਾਧੂ ਪਾਣੀ ਨੂੰ ਸੋਖ ਕੇ ਸਟੋਰ ਕਰਦੇ ਹੋਏ, ਸ਼ਹਿਰੀ ਖੇਤਰਾਂ ਵਿੱਚ ਹੜ੍ਹ ਦੇ ਜੋਖਮ ਨੂੰ ਘਟਾਉਂਦੇ ਹੋਏ, ਕੁਦਰਤੀ ਸਪੰਜ ਦੇ ਤੌਰ ਤੇ ਕੰਮ ਕਰਦੀਆਂ ਹਨ।


**ਪਾਣੀ ਨਿਯੰਤਰਣ:**
ਐਨ.ਐਚ.ਐਸ., ਖੋਰ ਨੂੰ ਰੋਕਦੇ ਹੋਏ, ਨਹਿਰਾਂ ਦੀ ਸਿਹਤ ਨੂੰ ਕਾਇਮ ਰੱਖਦੇ ਹੋਏ ਅਤੇ ਗ੍ਰਾਉਂਡਵਾਟਰ ਸਪਲਾਈਜ਼ ਨੂੰ ਦੁਬਾਰਾ ਭਰਦੇ ਹੋਏ, ਪਾਣੀ ਦੇ ਪ੍ਰਵਾਹ ਨੂੰ ਨਿਯੰਤਰਤ ਕਰਨ ਵਿੱਚ ਮਦਦ ਕਰਦਾ ਹੈ।

**ਪਰਾਗਣ ਅਤੇ ਫਸਲ ਦੀ ਪੈਦਾਵਾਰ:**
ਮੂਲ ਪੋਲੀਨੇਟਰਸ, ਜਿਵੇਂ ਮਧੂਮੱਖੀਆਂ ਅਤੇ ਤਿਤਲੀਆਂ, ਐਨ.ਐਚ.ਐਸ. ਵਿੱਚ ਵਧਦੇ-ਫੁੱਲਦੇ ਹਨ ਅਤੇ ਭੋਜਨ ਸਬੰਧੀ ਪੈਦਾਵਾਰ ਨੂੰ ਯਕੀਨੀ ਬਣਾਉਂਦੇ ਹੋਏ, ਖੇਤੀਬਾੜੀ ਸਬੰਧੀ ਫਸਲਾਂ ਸਮੇਤ, ਪੌਦਿਆਂ ਦੇ ਪਰਾਗਣ ਵਿੱਚ ਯੋਗਦਾਨ ਪਾਉਂਦੇ ਹਨ।

**ਮਿੱਟੀ ਦੀ ਸਿਹਤ ਅਤੇ ਪੋਸ਼ਕ ਤੱਤਾਂ ਦੀ ਵਰਤੋਂ:**
ਐਨ.ਐਚ.ਐਸ., ਪੋਸ਼ਕ ਤੱਤਾਂ ਦੀ ਵਰਤੋਂ ਨੂੰ ਵਧਾਉਂਦੇ ਹੋਏ, ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਸੁਧਾਰ ਕਰਦੇ ਹੋਏ ਅਤੇ ਸਥਿਰ ਖੇਤੀਬਾੜੀ ਵਿੱਚ ਵਾਧਾ ਕਰਦੇ ਹੋਏ, ਮਿੱਟੀ ਸਬੰਧੀ ਸਿਹਤਮੰਦ ਈਕੋਸਿਸਟਮਾਂ ਦੀ ਹਿਮਾਇਤ ਕਰਦਾ ਹੈ।

**ਰੇਕ੍ਰੀਏਸ਼ਨਲ ਅਤੇ ਸੱਭਿਆਚਾਰਕ ਮੁੱਲ:**
ਕੁਦਰਤੀ ਖੇਤਰ, ਵਸਨੀਕਾਂ ਲਈ ਸਮੁੱਚੀ ਭਲਾਈ ਅਤੇ ਜੀਵਨ ਦੀ ਕੁਆਲਿਟੀ ਵਿੱਚ ਸੁਧਾਰ ਕਰਦੇ ਹੋਏ, ਰੇਕ੍ਰੀਏਸ਼ਨ, ਆਊਟਡੋਰ ਗਤੀਵਿਧੀਆਂ ਅਤੇ ਕੁਦਰਤ ਦੇ ਨਾਲ ਸੱਭਿਆਚਾਰਕ ਕਨੈਕਸ਼ਨਾਂ ਲਈ ਮੌਕੇ ਪੇਸ਼ ਕਰਦੇ ਹਨ।

# ਸਟੌਰਮਵਾਟਰ ਅਤੇ ਪਾਣੀ ਦੀ ਕੁਆਲਿਟੀ




ਸਟੌਰਮਵਾਟਰ, ਵਰਖਾ ਅਤੇ ਪਿਘਲੀ ਹੋਈ ਸਨੋ ਹੁੰਦੀ ਹੈ, ਜੋ ਸਾਡੀਆਂ ਪ੍ਰਾਪਰਟੀਜ਼ ਤੋਂ ਵਹਿ ਕੇ ਸਟ੍ਰੀਟਸ ਵਿੱਚ ਚਲੀ ਜਾਂਦੀ ਹੈ। ਸਟੌਰਮਵਾਟਰ ਨੂੰ ਕੈਚਬੇਸਿਨਸ ਦੇ ਦੁਆਰਾ ਸਿਟੀ ਦੇ ਸਟੌਰਮਵਾਟਰ ਡ੍ਰੇਨੇਜ ਸਿਸਟਮ ਅਤੇ ਅੰਤ ਵਿੱਚ ਵਾਤਾਵਰਣ ਵਿੱਚ ਭੇਜਿਆ ਜਾਂਦਾ ਹੈ। ਜਿਵੇਂ-ਜਿਵੇਂ ਸਿਟੀ ਆਫ ਬ੍ਰੈਂਪਟਨ ਵਿਕਸਿਤ ਹੋ ਰਹੀ ਹੈ, ਅਸੀਂ ਜਲਵਾਯੂ ਸਬੰਧੀ ਬਦਲਾਅ ਦੇ ਕਾਰਨ ਵੱਧ ਵਾਰ ਅਤੇ ਤੀਬਰ ਤੂਫਾਨ ਦੇਖਣ ਦੇ ਨਾਲ, ਵਿਕਸਿਤ ਖੇਤਰਾਂ ਵਿੱਚ ਛੱਤਾਂ, ਸਾਈਡਵਾਕਸ ਅਤੇ ਪਾਰਕਿੰਗ ਲੌਟਸ ਤੋਂ ਵੱਧ ਸਟੌਰਮਵਾਟਰ ਰਨਆਫ ਦੇਖ ਰਹੇ ਹਾਂ।

ਜੇਕਰ ਇਸਨੂੰ ਅਨਿਯੰਤਰਤ ਛੱਡ ਦਿੱਤਾ ਜਾਵੇ, ਤਾਂ ਸਟੌਰਮਵਾਟਰ ਰਨਆਫ ਦੇ ਕਾਰਨ, ਹੜ੍ਹ, ਖੋਰ, ਵਾਤਾਵਰਣ ਸਬੰਧੀ ਵਿਗਾੜ ਹੋ ਸਕਦਾ ਹੈ ਅਤੇ ਇਹ ਲੋਕਾਂ ਦੀ ਸੁਰੱਖਿਆ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸ ਵਿੱਚ ਹਾਨੀਕਾਰਕ ਸਮੱਗਰੀਆਂ ਵੀ ਹੋ ਸਕਦੀਆਂ ਹਨ, ਜਿਵੇਂ ਕੂੜਾ-ਕਰਕਟ, ਸਾਬੁਣ, ਫਰਟੀਲਾਈਜ਼ਰ, ਸੜਕ ਦਾ ਨਮਕ ਅਤੇ ਮੋਟਰ ਤੇਲ, ਜੋ ਉਹਨਾਂ ਲੋਕਲ ਨਦੀਆਂ ਅਤੇ ਕ੍ਰੀਕਸ ਨੂੰ ਪ੍ਰਦੂਸ਼ਤ ਕਰਦਾ ਹੈ, ਜੋ ਨੈਚੁਰਲ ਹੈਰੀਟੇਜ ਸਿਸਟਮ ਦਾ ਹਿੱਸਾ ਹਨ। ਰਨਆਫ, ਜੋ ਇਹਨਾਂ ਨਦੀਆਂ ਅਤੇ ਕ੍ਰੀਕਸ ਵਿੱਚ ਜਾਂਦਾ ਹੈ, ਉਹ ਅੰਤ ਵਿੱਚ ਵਹਿ ਕੇ ਲੇਕ ਓਨਟੈਰੀਓ ਵਿੱਚ ਚਲਾ ਜਾਂਦਾ ਹੈ, ਜੋ ਸਿਟੀ ਆਫ ਬ੍ਰੈਂਪਟਨ ਅਤੇ ਦੱਖਣੀ ਓਨਟੈਰੀਓ ਵਿਚਲੀਆਂ ਦੂਜੀਆਂ ਮਿਉਨਿਸਿਪਲਟੀਜ਼ ਲਈ ਪੀਣ ਦੇ ਪਾਣੀ ਦਾ ਸ੍ਰੋਤ ਹੈ।

ਲੋਕਲ ਨਦੀਆਂ ਅਤੇ ਕ੍ਰੀਕਸ ਦੀ ਪਾਣੀ ਦੀ ਕੁਆਲਿਟੀ ਨੂੰ ਸੁਰੱਖਿਅਤ ਰੱਖਣ ਲਈ, ਸਿਟੀ ਆਫ ਬ੍ਰੈਂਪਟਨ, 180 ਤੋਂ ਵੱਧ ਸਟੌਰਮਵਾਟਰ ਤਲਾਬਾਂ ਦੀ ਜਾਂਚ ਅਤੇ ਦੇਖਭਾਲ ਕਰਦੀ ਹੈ, ਜਿਹਨਾਂ ਨੂੰ ਨਵੇਂ ਨੇਬਰਹੁੱਡਸ ਵਿੱਚ ਇੰਸਟਾਲ ਕੀਤਾ ਗਿਆ ਹੈ। ਸਟੌਰਮਵਾਟਰ ਤਲਾਬ, ਨਿਰਮਿਤ ਇੰਫਰਾਸਟ੍ਰਕਚਰ ਹਨ, ਜੋ ਸਟੌਰਮਵਾਟਰ ਰਨਆਫ ਨੂੰ ਅਸਥਾਈ ਤੌਰ ਤੇ ਸਟੋਰ ਕਰਕੇ ਅਤੇ ਸਮੇਂ-ਸਮੇਂ ਸਿਰ ਇਸਨੂੰ ਹੌਲੀ-ਹੌਲੀ ਰਿਲੀਜ਼ ਕਰਕੇ, ਪਾਣੀ ਦੇ ਵਹਾਅ ਨੂੰ ਨਿਯੰਤਰਤ ਕਰਨ, ਹੜ੍ਹਾਂ ਨੂੰ ਸੰਭਾਲਣ ਅਤੇ ਪਾਣੀ ਦੀ ਕੁਆਲਿਟੀ ਵਿੱਚ ਸੁਧਾਰ ਕਰਨ ਵਿੱਚ ਮਦਦ ਕਰਦੇ ਹਨ (ਉੱਪਰ ਦੇਖੋ)। ਜਦੋਂ ਰਨਆਫ ਨੂੰ ਤਲਾਬ ਵਿੱਚ ਸਟੋਰ ਕੀਤਾ ਜਾਂਦਾ ਹੈ, ਤਾਂ ਤਲਛਟ ਹੇਠਾਂ ਬੈਠ ਜਾਂਦੀ ਹੈ, ਇਸਲਈ ਨਦੀਆਂ ਅਤੇ ਕ੍ਰੀਕਸ ਵਿੱਚ ਸਾਫ ਪਾਣੀ ਹੀ ਵਾਪਸ ਆਉਂਦਾ ਹੈ।

# ਮੂਲ ਸਪੈਸੀਜ: ਪੌਂਦੇ

ਬ੍ਰੈਂਪਟਨ ਦਾ ਨੈਚੁਰਲ ਹੈਰੀਟੇਜ ਸਿਸਟਮ, ਬਾਇਓਡਾਇਵਰਸਿਟੀ ਨਾਲ ਭਰਪੂਰ ਹੈ। ਇਹ ਪੌਦੇ ਨਾ ਸਿਰਫ ਦੇਖਣ ਲਈ ਸ਼ਾਨਦਾਰ ਲੈਂਡਸਕੇਪ ਪੈਦਾ ਕਰਦੇ ਹਨ, ਬਲਕਿ ਇਹ ਪੋਲੀਨੇਟਰ ਸਪੈਸੀਜ ਅਤੇ ਹੋਰਾਂ ਦੀ ਹਿਮਾਇਤ ਲਈ ਬਹੁਤ ਜ਼ਰੂਰੀ ਹਨ। ਖਾਸ ਕਰਕੇ, ਮੂਲ ਰੁੱਖ, ਫੁੱਲ ਅਤੇ ਘਾਹ, ਜੰਗਲੀ ਜੀਵਾਂ ਲਈ ਕੁਦਰਤੀ ਨਿਵਾਸ ਸਥਾਨ ਪ੍ਰਦਾਨ ਕਰਨ, ਮਿੱਟੀ ਨੂੰ ਬਹਾਲ ਕਰਨ ਅਤੇ ਬਾਇਓਡਾਇਵਰਸਿਟੀ ਨੂੰ ਸੁਰੱਖਿਅਤ ਰੱਖਣ ਵਿੱਚ ਬੇਹੱਦ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਮੂਲ ਸਪੈਸੀਜ ਉਹ ਹਨ, ਜੋ ਕਿਸੇ ਖਾਸ ਖੇਤਰ ਵਿੱਚ ਕੁਦਰਤੀ ਤੌਰ ਤੇ ਮੌਜੂਦ ਹਨ, ਮਤਲਬ ਉਹਨਾਂ ਨੂੰ ਲਗਾਇਆ ਨਹੀਂ ਗਿਆ, ਨਾ ਜਾਣਬੁੱਝ ਕੇ ਅਤੇ ਨਾ ਹੀ ਅਣਜਾਣੇ ਵਿੱਚ।



**ਸ਼ੂਗਰ ਮੈਪਲ:**
ਸ਼ੂਗਰ ਮੈਪਲ (Sugar Maple) ਰੁੱਖ, ਕਈ ਜਾਨਵਰਾਂ ਲਈ ਭੋਜਨ ਦਾ ਸਰੋਤ ਹੈ ਅਤੇ ਕੀੜੇ-ਮਕੌੜਿਆਂ ਅਤੇ ਪੰਛੀਆਂ ਲਈ ਕੁਦਰਤੀ ਨਿਵਾਸ ਸਥਾਨ ਪ੍ਰਦਾਨ ਕਰਦਾ ਹੈ। ਇਸਦੇ ਰਸ ਨੂੰ ਮੈਪਲ ਸਿਰਪ ਬਣਾਉਣ ਲਈ ਵਰਤਿਆ ਜਾਂਦਾ ਹੈ।



**ਵਾਈਟ ਓਕ:**
ਵਾਈਟ ਓਕ (White Oak) ਰੁੱਖ, ਪੰਛੀਆਂ, ਭਾਲੂਆਂ, ਗਲਿਹਰੀਆਂ ਅਤੇ ਦੂਜੇ ਜਾਨਵਰਾਂ ਲਈ ਭੋਜਨ ਅਤੇ ਕੁਦਰਤੀ ਨਿਵਾਸ ਸਥਾਨ ਪ੍ਰਦਾਨ ਕਰਦੇ ਹਨ। ਇਹ ਸੰਗੀਤਮਈ ਅਵਾਜ਼ਾਂ ਕੱਢਣ ਵਾਲੇ ਪੰਛੀਆਂ ਲਈ ਟਿਕਾਣਾ ਅਤੇ ਆਲ੍ਹਣਾ ਬਣਾਉਣ ਲਈ ਥਾਵਾਂ ਅਤੇ ਰੇਕੂਨਸ ਅਤੇ ਗਲਿਹਰੀਆਂ ਲਈ ਗੁਫਾਵਾਂ ਵਾਲੀਆਂ ਥਾਵਾਂ ਪ੍ਰਦਾਨ ਕਰਦੇ ਹਨ।



**ਵਾਈਟ ਸਪ੍ਰੂਸ:**
ਵਾਈਟ ਸਪ੍ਰੂਸ (White Spruce) ਰੁੱਖ, ਹਿਰਨ, ਖਰਗੋਸ਼ਾਂ, ਪੰਛੀਆਂ ਅਤੇ ਕੁਤਰਨ ਵਾਲੇ ਜੀਵਾਂ ਲਈ ਭੋਜਨ ਦਾ ਸਰੋਤ ਹੈ। ਇਸਦਾ ਔਸਤ ਜੀਵਨਕਾਲ 250-350 ਸਾਲਾਂ ਦਾ ਹੈ ਅਤੇ ਕਦੇ-ਕਦਾਈਂ 1,000 ਸਾਲਾਂ ਤੱਕ ਵੀ ਪਹੁੰਚ ਜਾਂਦਾ ਹੈ।




**ਮਿਲਕਵੀਡ:**
ਮਿਲਕਵੀਡ (Milkweed), ਮੋਨਾਰਕ ਬਟਰਫਲਾਈ (Monarch Butterfly) ਲਈ ਬੇਹੱਦ ਮਹੱਤਵਪੂਰਣ ਸਪੈਸੀਜ ਹੈ, ਕਿਉਂਕਿ ਕੇਟਰਪਿਲਰਸ ਖਾਸ ਤੌਰ ਤੇ ਮਿਲਕਵੀਡ ਦੇ ਪੱਤਿਆਂ ਦਾ ਭੋਜਨ ਕਰਦੇ ਹਨ। ਫੁੱਲ ਵੀ ਪੋਲੀਨੇਟਰਸ ਨੂੰ ਆਕਰਸ਼ਿਤ ਕਰਦੇ ਹਨ, ਜਿਵੇਂ ਭੌਂਰੇ, ਪਤੰਗੇ ਅਤੇ ਕਾਰਪੇਂਟਰ ਮਧੂਮੱਖੀਆਂ।



**ਗੋਲਡਨਰੋਡ:**
ਗੋਲਡਨਰੋਡ (Goldenrod) ਜੰਗਲੀ ਫੁੱਲਾਂ ਤੇ ਤਿਤਲੀ ਅਤੇ ਪਤੰਗੇ ਦੀਆਂ ਕਈ ਸਪੈਸੀਜ ਰਹਿੰਦੀਆਂ ਹਨ ਅਤੇ ਇਹ ਕਵੀਨ ਬੰਬਲਬੀਜ (Queen Bumblebees) ਸਮੇਤ, ਪਤਝੜ ਦੇ ਪੋਲੀਨੇਟਰਸ ਲਈ ਪਰਾਗ ਅਤੇ ਮਧੂ ਰਸ ਪ੍ਰਦਾਨ ਕਰਦੀ ਹੈ। ਇਸਦੀਆਂ ਕਈ ਸਪੈਸੀਜ ਹਨ, ਜਿਵੇਂ ਜ਼ਿਗਜ਼ੈਗ ਗੋਲਡਨਰੋਡ (Zigzag Goldenrod) ਅਤੇ ਸਟਿਫ ਗੋਲਡਨਰੋਡ (Stiff Goldenrod)।



**ਐਸਟਰਸ:**
ਐਸਟਰਸ, ਪਰਲ ਕ੍ਰੀਸੈਂਟ (Pearl Crescent) ਅਤੇ ਮੋਨਾਰਕ ਬਟਰਫਲਾਈਜ (Monarch Butterflies) ਸਮੇਤ, ਤਿਤਲੀ ਅਤੇ ਪਤੰਗੇ ਦੀਆਂ ਕਈ ਸਪੈਸੀਜ ਲਈ ਭੋਜਨ ਸਰੋਤ ਹਨ। ਇਹ ਪਰਵਾਸ ਤੋਂ ਪਹਿਲਾਂ ਪੋਲੀਨੇਟਰਸ ਲਈ ਭੋਜਨ ਪ੍ਰਦਾਨ ਕਰਦੇ ਹਨ ਅਤੇ ਨਿਊ ਇੰਗਲੈਂਡ ਐਸਟਰਸ (New England Asters) ਅਤੇ ਸਵੈਂਪ ਐਸਟਰਸ (Swamp Asters) ਵਰਗੀਆਂ ਕਿਸਮਾਂ ਵਿੱਚ ਆਉਂਦੇ ਹਨ।



**ਬਲੈਕ-ਆਈਡ ਸੂਜ਼ਨਸ (Black-eyed Susans):**
ਇਹਨਾਂ ਫੁੱਲਾਂ ਤੇ ਤਿਤਲੀ ਅਤੇ ਪਤੰਗੇ ਦੀਆਂ ਕਈ ਸਪੈਸੀਜ ਲਾਰਵੇ ਲਈ ਰਹਿੰਦੀਆਂ ਹਨ। ਇਹ ਮਧੂਮੱਖੀਆਂ ਲਈ ਪਰਾਗਣ ਮਧੂ ਰਸ ਦਾ ਸ਼ਾਨਦਾਰ ਸਰੋਤ ਹਨ, ਜਿਹਨਾਂ ਵਿੱਚੋਂ ਕੁਝ, ਜਿਵੇਂ ਮਾਈਨਿੰਗ ਬੀ (Mining Bee), ਸਿਰਫ ਇਸ ਸਪੈਸੀਜ ਤੋਂ ਇਕੱਤਰ ਕਰਨ ਲਈ ਮਾਹਰ ਹਨ।



**ਬੌਟਲ ਬਰਸ਼ ਘਾਹ:**
ਛਾਂ ਵਿੱਚ ਹੋਣ ਵਾਲੀ ਅਤੇ ਗ੍ਰਹਿਣਸ਼ੀਲ, ਬੌਟਲ ਬਰਸ਼ (Bottle Brush) ਘਾਹ ਤੇ ਕੇਟਰਪਿਲਰਸ ਰਹਿੰਦੇ ਹਨ ਅਤੇ ਇਸਦੇ ਬੀਜ ਪੰਛੀਆਂ ਲਈ ਭੋਜਨ ਪ੍ਰਦਾਨ ਕਰਦੇ ਹਨ। ਇਸਨੂੰ ਬਲੂਸਟੈਮ (Bluestem), ਗੋਲਡਨਰੋਡ (Goldenrod) ਅਤੇ ਵੱਡੇ-ਵੱਡੇ ਪੱਤਿਆਂ ਵਾਲੇ ਐਸਟਰਸ ਦੇ ਨਾਲ ਉਗਾਇਆ ਜਾ ਸਕਦਾ ਹੈ।



**ਲਿਟਲ ਬਲੂਸਟੈਮ:**
ਇਹ ਘਾਹ ਖੁਸ਼ਕੀ ਵਿੱਚ ਹੁੰਦੀ ਹੈ, ਤਿਤਲੀਆਂ ਨੂੰ ਸਹਾਰਾ ਦਿੰਦੀ ਹੈ ਅਤੇ ਪੰਛੀਆਂ ਲਈ ਭੋਜਨ ਅਤੇ ਕੁਦਰਤੀ ਨਿਵਾਸ ਸਥਾਨ ਪ੍ਰਦਾਨ ਕਰਦੀ ਹੈ।

# ਮੂਲ ਸਪੈਸੀਜ਼: ਜਾਨਵਰ

**ਜਾਨਵਰ, ਵਾਤਾਵਰਣ ਅਤੇ ਮਨੁੱਖੀ ਅਬਾਦੀ, ਦੋਵਾਂ ਲਈ ਬੇਹੱਦ ਮਹੱਤਵਪੂਰਣ ਹਨ। ਇਹ ਪਰਾਗਣ, ਬੀਜ ਫੈਲਾਉਣ ਅਤੇ ਅਬਾਦੀ ਤੇ ਨਿਯੰਤਰਣ ਵਰਗੇ ਜ਼ਰੂਰੀ ਕੰਮਾਂ ਦੁਆਰਾ, ਬਾਇਓਡਾਇਵਰਸਿਟੀ ਨੂੰ ਕਾਇਮ ਰੱਖਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।**



**ਈਸਟਰਨ ਕਾਈਓਟੀਸ:**
ਈਸਟਰਨ ਕਾਈਓਟੀਸ (Eastern Coyotes), ਬ੍ਰੈਂਪਟਨ ਸਮੇਤ, ਸ਼ਹਿਰੀ ਖੇਤਰਾਂ ਵਿੱਚ ਆਮ ਹਨ, ਇਹ ਛੋਟੇ ਥਣਧਾਰੀ ਜੀਵਾਂ ਦੀ ਅਬਾਦੀ ਤੇ ਨਿਯੰਤਰਣ ਪਾਉਣ ਵਿੱਚ ਮਦਦ ਕਰਦੇ ਹਨ। ਕਾਈਓਟੀਸ ਦੀ ਮੌਜੂਦਗੀ ਵਿੱਚ ਰਹਿਣ ਬਾਰੇ ਵਧੇਰੇ ਜਾਣਕਾਰੀ ਲਈ, brampton.ca/coyotes ਤੇ ਜਾਓ।



**ਕੌਮਨ ਗਾਰਟਰ:**
ਕੌਮਨ ਗਾਰਟਰ (Common Garter) ਸੱਪ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਬ੍ਰੈਂਪਟਨ ਵਿੱਚ ਪਾਏ ਜਾਂਦੇ ਹਨ। ਇਹ ਕੁਤਰਨ ਵਾਲੇ ਜੀਵਾਂ ਅਤੇ ਕੀਟ ਅਬਾਦੀਆਂ ਤੇ ਨਿਯੰਤਰਣ ਪਾ ਕੇ ਓਨਟੈਰੀਓ ਦੇ ਈਕੋਸਿਸਟਮ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ।



**ਰੈਡਸਾਈਡ ਡੇਸ:**
ਰੈਡਸਾਈਡ ਡੇਸ (Redside Dace), ਜੀ.ਟੀ.ਏ. (GTA) ਵਿੱਚ ਲੁਪਤ ਹੋਣ ਵਾਲੀ ਸਪੈਸੀਜ਼ ਹੈ, ਨਹਿਰਾਂ ਦੇ ਨਾਲ-ਨਾਲ ਬਨਸਪਤੀ ਨੂੰ ਹਟਾਉਣ ਤੋਂ ਪ੍ਰਭਾਵਿਤ ਹੁੰਦੀ ਹੈ, ਜੋ ਉਹਨਾਂ ਦੀ ਭੋਜਨ ਸਪਲਾਈ, ਰਿਵਰਬੈਂਕ ਸਥਿਰਤਾ ਅਤੇ ਪਾਣੀ ਦੇ ਤਾਪਮਾਨ ਤੇ ਅਸਰ ਪਾਉਂਦੀ ਹੈ।



**ਮੋਨਾਰਕ ਬਟਰਫਲਾਈ:**
ਮੋਨਾਰਕ ਬਟਰਫਲਾਈਜ਼, ਆਂਡੇ ਦੇਣ ਲਈ ਅਤੇ ਮਧੂ ਰਸ ਸਰੋਤਾਂ ਲਈ ਮਿਲਕਵੀਡ ਪੌਦਿਆਂ ਤੇ ਨਿਰਭਰ ਹਨ। ਕੁਦਰਤੀ ਨਿਵਾਸ ਸਥਾਨ ਵਿੱਚ ਗਿਰਾਵਟ, ਉਹਨਾਂ ਦੇ ਸਰਵਾਈਵਲ ਲਈ ਵੱਡਾ ਖਤਰਾ ਪੈਦਾ ਕਰਦੀ ਹੈ।



**ਮਿਡਲੈਂਡ ਕੱਛੂਕੁੰਮਾ:**
ਮਿਡਲੈਂਡ (Midland) ਕੱਛੂਕੁੰਮੇ, ਜੋ ਆਪਣੇ ਲਾਲ ਜਾਂ ਸੰਤਰੀ ਨਿਸ਼ਾਨਾਂ ਤੋਂ ਪਛਾਣੇ ਜਾਂਦੇ ਹਨ, ਕੁਦਰਤੀ ਨਿਵਾਸ ਸਥਾਨ ਨਾ ਰਹਿਣ ਅਤੇ ਵਿਖੰਡਣ, ਦੂਜੇ ਜਾਨਵਰਾਂ ਦੁਆਰਾ ਖਾਧੇ ਜਾਣ ਅਤੇ ਸੜਕ ਦੁਰਘਟਨਾਵਾਂ ਦੇ ਕਾਰਨ, ਓਨਟੈਰੀਓ ਵਿੱਚ ਅਬਾਦੀ ਵਿੱਚ ਕਮੀ ਦਾ ਸਾਮ੍ਹਣਾ ਕਰ ਰਹੇ ਹਨ।



**ਬੰਬਲ ਬੀਜ਼:**
ਬੰਬਲ ਬੀਜ਼ (Bumble Bees), ਬੇਹੱਦ ਮਹੱਤਵਪੂਰਣ ਮੂਲ ਪੋਲੀਨੇਟਰਸ, ਸਾਡੇ ਈਕੋਸਿਸਟਮ ਵਿੱਚ ਯੋਗਦਾਨ ਪਾਉਂਦੀਆਂ ਹਨ ਅਤੇ ਫਸਲ ਪੈਦਾਵਾਰ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਕੁਦਰਤੀ ਨਿਵਾਸ ਸਥਾਨ ਦੇ ਨਾ ਰਹਿਣ ਦੇ ਸਿੱਟੇ ਵਜੋਂ ਬੰਬਲ ਬੀ ਦੀ ਅਬਾਦੀ ਵਿੱਚ ਕਮੀ ਆਈ ਹੈ।



**ਈਸਟਰਨ ਸਕ੍ਰੀਚ ਆਉਲ:**
ਈਸਟਰਨ ਸਕ੍ਰੀਚ ਆਉਲਸ (Eastern Screech Owls), ਭੂਰੇ ਖੰਭਾਂ ਅਤੇ ਪੀਲੀਆਂ ਅੱਖਾਂ, ਜੋ ਜੰਗਲੀ ਖੇਤਰਾਂ ਵਿੱਚ ਘੁਲਣ-ਮਿਲਣ ਵਿੱਚ ਉਹਨਾਂ ਦੀ ਮਦਦ ਕਰਦੀਆਂ ਹਨ, ਵਾਲੇ ਛੋਟੇ ਉੱਲੂ ਹਨ। ਇਹ ਰਾਤ ਨੂੰ ਸਰਗਰਮ ਹੁੰਦੇ ਹਨ ਅਤੇ ਆਪਣੀ ਮਜ਼ੇਦਾਰ ਕੰਪਨ ਅਵਾਜ਼ ਲਈ ਜਾਣੇ ਜਾਂਦੇ ਹਨ।



**ਲਿਟਲ ਬ੍ਰਾਊਨ ਮਾਇਓਟਿਸ ਬੈਟ:**
ਲਿਟਲ ਬ੍ਰਾਊਨ ਮਾਇਓਟਿਸ ਬੈਟ (Little Brown Myotis Bat), ਕੈਨੇਡਾ ਵਿੱਚ ਸਭ ਤੋਂ ਵੱਧ ਆਮ ਸਪੈਸੀਜ ਹੈ, ਜੋ ਅਕਸਰ ਮਨੁੱਖਾਂ ਵੱਲੋਂ ਬਣਾਏ ਢਾਂਚਿਆਂ ਤੇ ਬਸੇਰਾ ਕਰਦੇ ਹਨ। ਇਹਨਾਂ ਤੋਂ ਵਿਘਨ ਅਤੇ ਵਾਈਟ ਨੋਜ ਸਿੰਡ੍ਰੋਮ (White Nose Syndrome) ਫੰਗਸ, ਜੋ ਸਰਦੀ ਵਿੱਚ ਨੀਂਦ ਨੂੰ ਪ੍ਰਭਾਵਿਤ ਕਰਦੀ ਹੈ, ਦਾ ਖਤਰਾ ਹੁੰਦਾ ਹੈ।




**ਨੌਰਦਰਨ ਲੈਪਰਡ ਫ੍ਰੌਗ:**
ਨੌਰਦਰਨ ਲੈਪਰਡ ਫ੍ਰੌਗ (Northern Leopard Frog), ਹਨੇਰੀਆਂ ਥਾਵਾਂ ਵਿੱਚ ਆਪਣੇ ਵੱਖਰੇ ਹਰੇ ਜਾਂ ਭੂਰੇ ਰੰਗ ਤੋਂ ਜਾਣਿਆ ਜਾਂਦਾ ਹੈ। ਇਹ ਸਪੈਸੀਜ ਆਮ ਤੌਰ ਤੇ ਉੱਤਰੀ ਅਮਰੀਕਾ (North America) ਵਿੱਚ ਵੈਟਲੈਂਡਸ ਅਤੇ ਗ੍ਰਾਸਲੈਂਡਸ ਵਿੱਚ ਪਾਈ ਜਾਂਦੀ ਹੈ।



**ਬ੍ਰਾਊਨ ਰੈਟਸ:**
ਬ੍ਰਾਊਨ ਰੈਟ (Brown Rat), ਜ਼ਮੀਨੀ ਸਤ੍ਹਾਵਾਂ ਦੇ ਹੇਠਾਂ ਗੁੰਝਲਦਾਰ ਸੁਰੰਗ ਸਿਸਟਮ ਬਣਾਉਂਦਾ ਹੈ। ਇਹ ਸੁਰੰਗਾਂ, ਜ਼ਮੀਨ ਵਿੱਚ ਬਿਹਤਰ ਹਵਾ ਵਹਾਅ ਅਤੇ ਪੋਸ਼ਕ ਵਿਤਰਣ ਹੋਣ ਦੇਣ ਨਾਲ, ਸਿਹਤਮੰਦ ਮਿੱਟੀ ਅਤੇ ਪੌਦਿਆਂ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੀਆਂ ਹਨ। ਬ੍ਰਾਊਨ ਰੈਟਸ, ਉੱਲੂਆਂ, ਬਾਜ਼ਾਂ ਅਤੇ ਸੱਪਾਂ ਲਈ ਭੋਜਨ ਸਰੋਤ ਵਜੋਂ ਕੰਮ ਕਰਦੇ ਹਨ।



**ਈਸਟਰਨ ਚਿਪਮੰਕ:**
ਈਸਟਰਨ ਚਿਪਮੰਕਸ (Eastern Chipmunks), ਝੜਨ ਵਾਲੇ ਜੰਗਲਾਂ ਅਤੇ ਸ਼ਹਿਰੀ ਪਾਰਕਾਂ ਵਿੱਚ ਰਹਿੰਦੇ ਹਨ, ਤਰਜੀਹੀ ਤੌਰ ਤੇ ਝਾੜਨ, ਖੁੰਢਾਂ ਅਤੇ ਝਾੜੀਆਂ ਵਾਲੇ ਚਟਾਨੀ ਖੇਤਰਾਂ ਵਿੱਚ। ਉਹਨਾਂ ਦਾ ਭੋਜਨ ਵੰਨ-ਸੁਵੰਨਾ ਹੁੰਦਾ ਹੈ ਅਤੇ ਬਾਜ਼ਾਂ, ਉੱਲੂਆਂ, ਲੂੰਮੜੀਆਂ, ਸੱਪਾਂ ਅਤੇ ਕਾਈਓਟੀਸ ਵੱਲੋਂ ਇਹਨਾਂ ਦਾ ਸ਼ਿਕਾਰ ਕੀਤਾ ਜਾਂਦਾ ਹੈ।



**ਕੈਨੇਡਾ ਗੀਜ:**
ਕੈਨੇਡਾ ਗੀਜ (Canada Geese), ਕਾਫੀ ਸਾਰੇ ਭੋਜਨ ਅਤੇ ਕੁਝ ਕੁਦਰਤੀ ਹਿੰਸਕ ਜਾਨਵਰਾਂ ਕਰਕੇ ਸ਼ਹਿਰੀ ਖੇਤਰਾਂ ਵਿੱਚ ਵਧਦੇ-ਫੁੱਲਦੇ ਹਨ। ਇਹ ਆਮ ਤੌਰ ਤੇ ਪਾਰਕਾਂ ਵਿੱਚ ਅਤੇ ਤਾਜ਼ੇ ਪਾਣੀ ਦੇ ਸਰੋਤਾਂ ਦੇ ਆਸਪਾਸ ਪਾਏ ਜਾਂਦੇ ਹਨ ਅਤੇ ਮਾਈਗਰੇਟਰੀ ਬਰਡਸ ਪ੍ਰੋਟੈਕਸ਼ਨ ਐਕਟ (Migratory Birds Protection Act) ਹੇਠ ਇਹਨਾਂ ਦੀ ਰੱਖਿਆ ਕੀਤੀ ਜਾਂਦੀ ਹੈ। ਇਹ ਬੀਜਾਂ ਨੂੰ ਫੈਲਾਉਣ ਅਤੇ ਕੁਦਰਤੀ ਖੇਤਰਾਂ ਵਿੱਚ ਪੋਸ਼ਕ ਤੱਤ ਪ੍ਰਦਾਨ ਕਰਨ ਵਿੱਚ ਮਦਦ ਕਰਦੇ ਹਨ।



# ਆਕਰਮਣਸ਼ੀਲ ਸਪੈਸੀਜ

**ਆਕਰਮਣਸ਼ੀਲ ਸਪੈਸੀਜ, ਉਹਨਾਂ ਗੈਰ-ਮੂਲ ਪੌਦਿਆਂ ਜਾਂ ਜਾਨਵਰਾਂ ਦਾ ਹਵਾਲਾ ਦਿੰਦੀ ਹੈ, ਜੋ ਨਵੇਂ ਈਕੋਸਿਸਟਮ ਵਿੱਚ ਦਾਖਲ ਹੋਏ ਹਨ, ਅਕਸਰ ਮਨੁੱਖੀ ਗਤੀਵਿਧੀਆਂ ਦੁਆਰਾ, ਜੋ ਤੇਜ਼ੀ ਨਾਲ ਫੈਲ ਸਕਦੇ ਹਨ ਅਤੇ ਮੂਲ ਸਪੈਸੀਜ ਅਤੇ ਉਹਨਾਂ ਦੇ ਕੁਦਰਤੀ ਨਿਵਾਸ ਸਥਾਨਾਂ ਤੇ ਨਕਾਰਾਤਮਕ ਅਸਰ ਪਾਉਂਦੀ ਹੈ। ਇਹ ਸਪੈਸੀਜ ਵਸੀਲਿਆਂ ਲਈ ਮੂਲ ਸਪੈਸੀਜ ਨੂੰ ਮੁਕਾਬਲੇ ਵਿੱਚ ਹਰਾ ਸਕਦੀ ਹੈ, ਈਕੋਲੋਜੀਕਲ ਸੰਤੁਲਨ ਵਿੱਚ ਗੜਬੜ ਪੈਦਾ ਕਰ ਸਕਦੀ ਹੈ ਅਤੇ ਆਰਥਿਕ ਅਤੇ ਵਾਤਾਵਰਣ ਸਬੰਧੀ ਨੁਕਸਾਨ ਪਹੁੰਚਾ ਸਕਦੀ ਹੈ।**



### ਕੌਮਨ ਬਕਥੋਰਨ (Common Buckthorn)

**ਪ੍ਰਭਾਵ:**

- ਇਹ ਸੰਘਣੇ ਝੁੰਡ ਬਣਾਉਂਦੀ ਹੈ, ਜੋ ਮੂਲ ਪੌਦਿਆਂ ਨੂੰ ਢਕ ਦਿੰਦੇ ਹਨ
- ਇਹ ਮੂਲ ਸਪੈਸੀਜ ਦੇ ਵਾਧੇ ਨੂੰ ਘਟਾਉਂਦੇ ਹੋਏ ਮਿੱਟੀ ਵਿੱਚ ਨਾਈਟ੍ਰੋਜਨ ਲੈਵਲਾਂ ਨੂੰ ਬਦਲ ਦਿੰਦੀ ਹੈ
- ਇਸਤੇ ਜਵੀ ਵਾਲੀ ਜੰਗ ਲੱਗਦੀ ਹੈ, ਇਹ ਇੱਕ ਫੰਗਸ ਹੈ, ਜੋ ਜਵੀ ਦੀ ਪੈਦਾਵਾਰ ਅਤੇ ਕੁਆਲਿਟੀ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਸੋਇਆਬੀਨ ਐਫਿਡ, ਇੱਕ ਕੀੜਾ ਲੱਗਦਾ ਹੈ, ਜੋ ਸੋਇਆਬੀਨ ਦੀਆਂ ਫਸਲਾਂ ਨੂੰ ਖਰਾਬ ਕਰਦਾ ਹੈ



### ਗਾਰਲਿਕ ਮਸਟਰਡ

**ਪ੍ਰਭਾਵ:**

- ਇਹ ਸ਼ਾਂਤ ਜੰਗਲਾਂ ਵਿੱਚ ਦਾਖਲ ਹੋ ਕੇ ਮੂਲ ਜੰਗਲੀ ਫੁੱਲਾਂ ਦੀ ਥਾਂ ਲੈ ਸਕਦੇ ਹਨ
- ਉੱਲੀ ਦੇ ਵਿਕਾਸ ਵਿੱਚ ਦਖਲ ਦੇ ਕੇ ਦੇਸੀ ਪੌਦਿਆਂ ਨੂੰ ਨਿਰਾਸ਼ ਕਰਦਾ ਹੈ ਜੋ ਪੌਦਿਆਂ ਦੀਆਂ ਜੜ੍ਹਾਂ ਵਿੱਚ ਪੌਸ਼ਟਿਕ ਤੱਤ ਲਿਆਉਂਦਾ ਹੈ
- ਓਨਟੈਰੀਓ ਦੀਆਂ ਕਈ ਸਪੈਸੀਜ ਨੂੰ ਜੋਖਮ ਵਿੱਚ ਪਾਉਂਦੀ ਹੈ, ਅਮਰੀਕੀ ਜਿਨਸਿੰਗ ਸਮੇਤ



### ਜਪੈਨੀਜ ਨੌਟਵੀਡ

**ਪ੍ਰਭਾਵ:**

- ਸੰਘਣੇ ਝੁੰਡ ਬਣਾਉਂਦੇ ਹੋਏ, ਤੇਜ਼ੀ ਨਾਲ ਫੈਲਦੀ ਹੈ, ਜੋ ਜੰਗਲੀ ਕੁਦਰਤੀ ਨਿਵਾਸ ਸਥਾਨਾਂ ਨੂੰ ਵਿਗਾੜਦੇ ਹਨ
- ਦੂਜੀ ਮੂਲ ਬਨਸਪਤੀ ਦੇ ਨਾਲ ਮੁਕਾਬਲਾ ਕਰਕੇ ਪੌਦਿਆਂ ਦੀ ਬਾਇਓਡਾਇਵਰਸਿਟੀ ਨੂੰ ਘਟਾਉਂਦੀ ਹੈ
- ਮਜ਼ਬੂਤ ਜੜ੍ਹ ਸਿਸਟਮ ਦੇ ਨਾਲ ਆਕਰਮਣਸ਼ੀਲ, ਜੋ ਲੁੱਕ ਅਤੇ ਰੇਤ ਦੇ ਮਿਸ਼ਰਣ ਅਤੇ ਕੰਕਰੀਟ ਨੂੰ ਤੋੜ ਸਕਦਾ ਹੈ



## ਫੈਗਮਾਈਟਸ

**ਪ੍ਰਭਾਵ:**

- ਪੌਦਿਆਂ ਦੀ ਬਾਇਓਡਾਇਵਰਸਿਟੀ ਨੂੰ ਘਟਾਉਂਦੇ ਹੋਏ, ਮੂਲ ਬਨਸਪਤੀ ਨੂੰ ਹਟਣ ਲਈ ਮਜ਼ਬੂਰ ਕਰਦੀ ਹੈ
- ਜੰਗਲੀ ਜੀਵਾਂ ਲਈ ਖਰਾਬ ਕੁਦਰਤੀ ਨਿਵਾਸ ਸਥਾਨ ਅਤੇ ਭੋਜਨ ਪ੍ਰਦਾਨ ਕਰਦੀ ਹੈ
- ਮੂਲ ਪੌਦਿਆਂ ਦੇ ਮੁਕਾਬਲੇ ਵੱਧ ਪਾਣੀ ਵਰਤ ਕੇ ਪਾਣੀ ਦੇ ਲੈਵਲਾਂ ਨੂੰ ਘਟਾਉਂਦੇ ਹੋਏ ਬਹੁਤ ਜਲਦੀ ਵਧਦੀ ਹੈ



## ਸਪੋਂਜੀ ਮੋਥ

**ਪ੍ਰਭਾਵ:**

- ਬਹੁਤ ਵੱਡੀ ਮਾਤਰਾ ਵਿੱਚ ਰੁੱਖਾਂ ਦੇ ਪੱਤੇ ਲਾਹ ਕੇ ਉਹਨਾਂ ਨੂੰ ਖਤਮ ਕਰ ਦਿੰਦੀ ਹੈ, ਜਿਹਨਾਂ ਦੀ ਬਦਲੀ ਕਰਨ ਦਾ ਮਤਲਬ ਹੈ, ਸ਼ਹਿਰਾਂ ਜਾਂ ਕਾਰੋਬਾਰਾਂ ਤੇ ਬਹੁਤ ਵੱਡਾ ਆਰਥਿਕ ਬੋਝ ਪੈਣਾ
- ਉਮਰ ਅਤੇ ਅਬਾਦੀ ਦੀ ਸੰਖਿਆ ਦੇ ਅਧਾਰ ਤੇ, ਕੇਟਰਪਿਲਰਸ, ਕੈਨੋਪੀ ਨੂੰ ਪੂਰੀ ਤਰ੍ਹਾਂ ਖਤਮ ਕਰ ਸਕਦੇ



## ਏਸ਼ੀਅਨ ਕਾਰਪ

**ਪ੍ਰਭਾਵ:**

- ਭੋਜਨ ਅਤੇ ਕੁਦਰਤੀ ਨਿਵਾਸ ਸਥਾਨ ਲਈ ਮੂਲ ਸਪੈਸੀਜ਼ ਦੇ ਨਾਲ ਮੁਕਾਬਲਾ ਕਰਦੀ ਹੈ
- ਪੌਦਿਆਂ ਨੂੰ ਜੜ੍ਹ ਤੋਂ ਪੁੱਟਦੀ ਹੈ ਅਤੇ ਤਲਛਟ ਨੂੰ ਛਲਕਾ ਦਿੰਦੀ ਹੈ, ਜਿਸ ਨਾਲ ਪਾਣੀ ਮੈਲਾ ਹੁੰਦਾ ਹੈ ਅਤੇ ਪਾਣੀ ਸਬੰਧੀ ਪੌਦਿਆਂ ਦਾ ਵਾਧਾ ਹੌਲੀ ਹੋ ਜਾਂਦਾ ਹੈ



## ਗੋਲਡਫਿਸ਼

**ਪ੍ਰਭਾਵ:**

- ਭੋਜਨ ਅਤੇ ਕੁਦਰਤੀ ਨਿਵਾਸ ਸਥਾਨ ਲਈ ਮੂਲ ਸਪੈਸੀਜ਼ ਦੇ ਨਾਲ ਮੁਕਾਬਲਾ ਕਰਦੀ ਹੈ
- ਪਾਣੀ ਦੇ ਮੈਲੇਪਣ ਨੂੰ ਵਧਾਉਂਦੇ ਹੋਏ, ਪਾਣੀ ਸਬੰਧੀ ਪੌਦਿਆਂ ਦੇ ਵਾਧੇ ਨੂੰ ਹੌਲੀ ਕਰਦੇ ਹੋਏ, ਚਰਾਂਦ ਬਣਾਉਣ ਵੇਲੇ ਗੰਦਗੀ ਨੂੰ ਹਿਲਾ ਦਿੰਦੀ ਹੈ
- ਕੁਝ ਕੁਦਰਤੀ ਹਿੰਸਕ ਜਾਨਵਰਾਂ ਦੇ ਨਾਲ ਖੜ੍ਹੇ ਹੋਏ ਪਾਣੀ ਵਿੱਚ ਵੱਡੀਆਂ ਅਬਾਦੀਆਂ ਪੈਦਾ ਕਰਨ ਦੀ ਸਮਰੱਥਾ

## ਆਕਰਮਣਸ਼ੀਲ ਸਪੈਸੀਜ਼ ਨੂੰ ਫੈਲਣ ਤੋਂ ਰੋਕਣ ਲਈ ਤੁਸੀਂ ਕੀ ਕਰ ਸਕਦੇ ਹੋ

- ਆਕਰਮਣਸ਼ੀਲ ਸਪੈਸੀਜ਼ ਨੂੰ ਪਛਾਣਨ ਅਤੇ ਸੰਭਾਲਣ ਬਾਰੇ ਜਾਣਕਾਰੀ ਲਵੋ। ਵਧੇਰੇ ਜਾਣਕਾਰੀ ਲਈ, invadingspecies.com ਤੇ ਜਾਓ।
- ਸਪੈਸੀਜ਼ ਦੀ ਪਛਾਣ ਲਈ Seek by iNaturalist (ਸੀਕ ਬਾਇ ਆਈਨੇਚਰਲਿਸਟ) ਵਰਗੇ ਐਪਸ ਦਾ ਇਸਤੇਮਾਲ ਕਰੋ।
- ਲੈਂਡਸਕੇਪਿੰਗ ਵਿੱਚ ਆਕਰਮਣਸ਼ੀਲ ਪੌਦਿਆਂ ਦੀ ਵਰਤੋਂ ਕਰਨ ਤੋਂ ਬਚੋ ਅਤੇ ਇਹਨਾਂ ਦੀ ਬਜਾਏ ਗਾਰਡਨ ਸੈਂਟਰ ਸਪਲਾਇਰਸ ਤੋਂ ਵਿਕਲਪਿਕ ਮੂਲ ਪੌਦੇ ਮੰਗਵਾਓ।
- ਬੀਜ ਉਤਪਾਦਨ ਨੂੰ ਰੋਕਣ ਲਈ, ਕੂੜੇ ਵਿੱਚ ਆਕਰਮਣਸ਼ੀਲ ਪੌਦਿਆਂ ਦਾ ਨਿਬੇੜਾ ਸਹੀ ਢੰਗ ਨਾਲ ਕਰੋ।
- ਟ੍ਰੇਲਸ ਤੇ ਸੋਟੀ ਨਾਲ ਚੱਲ ਕੇ ਅਤੇ ਪਾਲਤੂ ਜਾਨਵਰਾਂ ਨੂੰ ਜੰਜ਼ੀਰ ਨਾਲ ਬੰਨ੍ਹ ਕੇ ਰੱਖਦੇ ਹੋਏ, ਆਕਰਮਣਸ਼ੀਲ ਪੌਦਿਆਂ ਦਾ ਫੈਲਣਾ ਘਟਾਓ।

**ਆਕਰਮਣਸ਼ੀਲ ਸਪੈਸੀਜ਼ ਦਿੱਸੇ ਤਾਂ ਇਨਵੇਡਿੰਗ ਸਪੈਸੀਜ਼ ਹੌਟਲਾਈਨ (INVADING SPECIES HOTLINE), 1-800-563-7711 ਤੇ ਜਾਂ ਹੇਠਾਂ ਦਿੱਤੇ ਦੁਆਰਾ ਰਿਪੋਰਟ ਕਰੋ**

**EDDMAPS.ORG**

# ਤੁਸੀਂ ਐਨ.ਐਚ.ਐਸ. ਦੀ ਹਿਮਾਇਤ ਕਿਵੇਂ ਕਰ ਸਕਦੇ ਹੋ: ਘਰ ਵਿਖੇ

### ਪਾਣੀ ਦੀ ਕੁਆਲਿਟੀ ਨੂੰ ਸੁਰੱਖਿਅਤ ਕਰੋ

- ਕਦੇ ਵੀ ਕੈਮੀਕਲਸ, ਤੇਲ, ਧੂੜ ਜਾਂ ਪ੍ਰਦੂਸ਼ਿਤ ਪਾਣੀ ਨੂੰ, ਕੈਚਬੇਸਿਨਸ, ਤਲਾਬਾਂ, ਖਾਈਆਂ, ਕ੍ਰੀਕਸ ਜਾਂ ਨਦੀਆਂ ਵਿੱਚ ਨਾ ਪਾਓ ਅਤੇ ਇਹਨਾਂ ਵਿੱਚ ਨਾ ਧੋਵੋ। ਘਰ ਦੇ ਖਤਰੇ ਵਾਲੇ ਕੂੜੇ ਦਾ ਨਿਬੇੜਾ, ਬ੍ਰੈਂਪਟਨ ਵਿਚਲੀਆਂ ਨਿਯਤ ਕੂੜਾ ਨਿਬੇੜਾ ਥਾਵਾਂ ਤੇ ਸਹੀ ਢੰਗ ਨਾਲ ਕਰੋ।

- ਜਦੋਂ ਸੰਭਵ ਹੋਵੇ, ਆਪਣੀ ਕਾਰ ਨੂੰ ਕਮਰਸ਼ਿਅਲ ਕਾਰ ਵਾਸ਼ ਵਿਖੇ ਧੋਵੋ ਅਤੇ ਘਰ ਵਿਖੇ ਆਪਣੀ ਕਾਰ ਦੇ ਧੋਣ ਤੋਂ ਹੋਏ ਪ੍ਰਦੂਸ਼ਿਤ ਪਾਣੀ ਦਾ ਨਿਬੇੜਾ ਸਿੰਕ ਜਾਂ ਟੋਇਲਟ ਵਿੱਚ ਕਰੋ, ਤਾਂ ਜੋ ਇਸਨੂੰ ਟ੍ਰੀਟ ਕੀਤਾ ਜਾ ਸਕੇ।

- ਸਰਦੀਆਂ ਵਿੱਚ ਸੜਕ ਤੇ ਜੋ ਨਮਕ ਤੁਸੀਂ ਵਰਤਦੇ ਹੋ, ਉਸਦੀ ਮਾਤਰਾ ਦਾ ਧਿਆਨ ਰੱਖੋ, ਕਿਉਂਕਿ ਬਹੁਤ ਜ਼ਿਆਦਾ ਨਮਕ, ਪਾਣੀ ਦੇ ਮਾਰਗਾਂ ਨੂੰ ਪ੍ਰਦੂਸ਼ਿਤ ਕਰ ਸਕਦਾ ਹੈ।

### ਜੰਗਲੀ ਜੀਵਾਂ ਦੀ ਹਿਮਾਇਤ ਕਰੋ

- ਕੂੜੇ ਅਤੇ ਕੰਪੋਸਟ ਨੂੰ ਜਾਨਵਰ-ਪ੍ਰੂਫ ਕੰਟੇਨਰਾਂ ਜਾਂ ਡੱਬਿਆਂ ਵਿੱਚ ਸਟੋਰ ਕਰੋ।

- ਪੰਛੀਆਂ ਦੇ ਫੀਡਰਸ ਦੇ ਆਸਪਾਸ ਜ਼ਮੀਨ ਤੇ ਪਏ ਬੀਜਾਂ ਨੂੰ ਸਾਫ ਕਰੋ।

- ਜੇਕਰ ਸੰਭਵ ਹੋਵੇ ਤਾਂ ਰੁੱਖਾਂ ਦੀਆਂ ਡਿੱਗੀਆਂ ਟਹਿਣੀਆਂ ਅਤੇ ਖਤਮ ਹੋਏ ਰੁੱਖਾਂ (ਡੈੱਡ ਟ੍ਰੀਜ) ਨੂੰ ਉਵੇਂ ਹੀ ਛੱਡ ਦਿਓ। ਇਹ ਸਮੱਗਰੀਆਂ, ਮਿੱਟੀ ਲਈ ਮਹੱਤਵਪੂਰਣ ਪੋਸ਼ਕ ਤੱਤ ਪ੍ਰਦਾਨ ਕਰਦੀਆਂ ਹਨ ਅਤੇ ਜੰਗਲੀ ਜੀਵਾਂ ਲਈ ਭੋਜਨ ਅਤੇ ਸ਼ੈਲਟਰ ਦਾ ਸਰੋਤ ਹਨ।

### ਮੂਲ ਸਪੈਸੀਜ਼ ਉਗਾਓ

- ਪੰਛੀਆਂ, ਤਿਤਲੀਆਂ ਅਤੇ ਦੂਜੇ ਜੰਗਲੀ ਜੀਵਾਂ ਨੂੰ ਆਕਰਸ਼ਿਤ ਕਰਨ ਲਈ ਆਪਣੇ ਯਾਰਡ ਦੇ ਡਿਜ਼ਾਈਨ ਲਈ ਵੱਧ ਕੁਦਰਤੀ ਦ੍ਰਿਸ਼ਟੀਕੋਣ ਅਪਨਾਓ।

- ਮੂਲ ਸਪੈਸੀਜ, ਝਾੜੀਆਂ ਅਤੇ ਫੁੱਲ ਉਗਾਓ। ਮੂਲ ਸਪੈਸੀਜ ਬਾਇਓਡਾਇਵਰਸਿਟੀ ਵਧਾਉਂਦੀਆਂ ਹਨ, ਜੰਗਲੀ ਜੀਵਾਂ ਲਈ ਭੋਜਨ ਅਤੇ ਸ਼ੈਲਟਰ ਪ੍ਰਦਾਨ ਕਰਦੀਆਂ ਹਨ ਅਤੇ ਗੈਰ-ਮੂਲ ਸਪੈਸੀਜ ਦੇ ਮੁਕਾਬਲੇ, ਇਹਨਾਂ ਨੂੰ ਘੱਟ ਪਾਣੀ ਅਤੇ ਸੰਭਾਲ ਦੀ ਲੋੜ ਹੁੰਦੀ ਹੈ।

- ਪੌਦਿਆਂ ਨੂੰ ਨਿਯੰਤਰਤ ਕਰਨ ਲਈ ਜ਼ਹਿਰੀਲੇ ਕੈਮੀਕਲਸ, ਜੜੀ-ਬੂਟੀ ਮਾਰਨ ਵਾਲੀਆਂ ਦਵਾਈਆਂ (ਹਰਬੀਸਾਈਡਸ) ਜਾਂ ਕੀਟਨਾਸ਼ਕ ਦਵਾਈਆਂ (ਪੈਸਟੀਸਾਈਡਸ) ਵਰਤਣ ਤੋਂ ਬਚੋ। ਇਸਦੀ ਬਜਾਏ ਈਕੋ-ਫ੍ਰੈਂਡਲੀ ਵਿਕਲਪ ਚੁਣੋ, ਜਿਵੇਂ ਭਾਂਡੇ ਧੋਣ ਵਾਲੀ ਸਾਬੁਣ ਵਿੱਚ ਮਿਲਾਇਆ ਸਿਰਕਾ।

### ਆਕਰਮਣਸ਼ੀਲ ਪੌਦਿਆਂ ਦੀ ਸੰਭਾਲ ਕਰੋ

- ਆਕਰਮਣਸ਼ੀਲ ਸਪੈਸੀਜ ਨੂੰ ਸਥਾਪਤ ਹੋਣ ਜਾਂ ਉਹਨਾਂ ਵੱਲੋਂ ਬੀਜ ਦੇਣ ਤੋਂ ਪਹਿਲਾਂ ਹੀ ਹਟਾ ਕੇ ਉਹਨਾਂ ਨੂੰ ਫੈਲਣ ਤੋਂ ਰੋਕੋ। ਸਾਰੀਆਂ ਆਕਰਮਣਸ਼ੀਲ ਸਪੈਸੀਜ ਦਾ ਨਿਬੇੜਾ ਕੂੜੇ ਵਿੱਚ ਕਰੋ, ਇਹਨਾਂ ਨੂੰ ਯਾਰਡ ਦੇ ਕੂੜੇ ਵਜੋਂ ਨਾ ਸ਼ਾਮਲ ਨਾ ਕਰੋ।

- ਯਾਰਡ ਦੇ ਕੂੜੇ ਜਾਂ ਕੰਪੋਸਟ ਸਮੱਗਰੀ ਨੂੰ ਕੁਦਰਤੀ ਖੇਤਰਾਂ ਵਿੱਚ ਨਾ ਸੁੱਟੋ, ਕਿਉਂਕਿ ਇਹ ਆਕਰਮਣਸ਼ੀਲ ਸਪੈਸੀਜ ਨੂੰ ਫੈਲਾਉਂਦਾ ਹੈ। ਇਸਦੀ ਬਜਾਏ, ਰੀਜਨ ਆਫ ਪੀਲ (Region of Peel) ਦੇ ਹਰੇ ਡੱਬਿਆਂ ਅਤੇ ਯਾਰਡ ਕੂੜਾ ਕਲੈਕਸ਼ਨ ਪ੍ਰੋਗਰਾਮਾਂ ਦਾ ਇਸਤੇਮਾਲ ਕਰੋ।

# ਤੁਸੀਂ ਐਨ.ਐਚ.ਐਸ. ਦੀ ਹਿਮਾਇਤ ਕਿਵੇਂ ਕਰ ਸਕਦੇ ਹੋ: ਘੁੰਮਣ ਵੇਲੇ

ਕੁਦਰਤ ਨੂੰ ਇਕੱਲਾ ਛੱਡ ਦਿਓ

- ਜੰਗਲੀ ਜੀਵਾਂ ਨੂੰ ਭੋਜਨ ਨਾ ਖਵਾਓ, ਮਨੁੱਖੀ ਭੋਜਨ ਉਹਨਾਂ ਦੀ ਸਿਹਤ ਲਈ ਹਾਨੀਕਾਰਕ ਹੈ ਅਤੇ ਜਾਨਵਰਾਂ ਨੂੰ ਆਪਣੇ ਖੁਦ ਦੇ ਸਰੋਤ ਲੱਭਣ ਤੋਂ ਭਟਕਾਉਂਦਾ ਹੈ।
- ਰੁੱਖਾਂ ਤੋਂ ਟਹਿਣੀਆਂ ਦੀ ਛੰਗਾਈ ਨਾ ਕਰੋ ਅਤੇ ਨਾ ਹੀ ਉਹਨਾਂ ਨੂੰ ਹਟਾਓ, ਕਿਉਂਕਿ ਇਸ ਨਾਲ ਰੁੱਖਾਂ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਜੰਗਲ ਦਾ ਪੁਨਰ ਜਣਨ ਰੁਕ ਸਕਦਾ ਹੈ।
- ਡੱਡੂਆਂ, ਸੈਲਮੈਂਡਰਸ ਅਤੇ ਤਿਤਲੀਆਂ ਵਰਗੇ ਛੋਟੇ ਜੀਵਾਂ ਨੂੰ ਨਾ ਛੇੜੋ ਅਤੇ ਨਾ ਹੀ ਉਹਨਾਂ ਨੂੰ ਫੜੋ। ਉਹਨਾਂ ਨੂੰ ਉਹਨਾਂ ਦੇ ਘਰ ਵਿੱਚ ਦੇਖਣ ਦਾ ਅਨੰਦ ਮਾਣੋ, ਆਪਣੇ ਘਰ ਵਿੱਚ ਨਹੀਂ।

ਨਾਜਾਇਜ਼ ਕਬਜ਼ੇ ਕਰਨ ਤੋਂ ਬਚੋ

- ਨਾਜਾਇਜ਼ ਕਬਜ਼ੇ ਉਦੋਂ ਹੁੰਦੇ ਹਨ, ਜਦੋਂ ਵਸਨੀਕ ਗਲਤ ਢੰਗ ਨਾਲ ਜਾਂ ਨਿੱਜੀ ਵਰਤੋਂ ਲਈ ਕੁਦਰਤੀ ਖੇਤਰਾਂ ਦਾ ਇਸਤੇਮਾਲ ਕਰਦੇ ਹਨ, ਜਿਵੇਂ ਵਿਸਤਾਰ ਕੀਤੀ ਲੈਂਡਸਕੇਪਿੰਗ। ਜੋ ਵਸਨੀਕ ਕੁਦਰਤੀ ਖੇਤਰਾਂ ਤੇ ਨਾਜਾਇਜ਼ ਕਬਜ਼ੇ ਕਰਦੇ ਹਨ, ਉਹ ਐਨ.ਐਚ.ਐਸ. ਦੀ ਕੁਆਲਿਟੀ ਨੂੰ ਵਿਗਾੜ ਦਿੰਦੇ ਹਨ। ਬ੍ਰੈਂਪਟਨ ਵਿੱਚ ਨਾਜਾਇਜ਼ ਕਬਜ਼ੇ ਤੇ ਪਾਬੰਦੀ ਹੈ ਅਤੇ ਜੁਰਮਾਨਾ ਲੱਗ ਸਕਦਾ ਹੈ।

ਫੈਲਣ ਤੋਂ ਰੋਕੋ

- ਆਕਰਮਣਸ਼ੀਲ ਸਪੈਸੀਜ ਨੂੰ ਫੈਲਣ ਤੋਂ ਰੋਕਣ ਲਈ, ਕੁਦਰਤੀ ਖੇਤਰ ਤੋਂ ਜਾਣ ਵਾਲੇ ਤੁਹਾਡੇ ਸਰੀਰ ਤੇ ਜਾਂ ਸਮਾਨ ਤੇ ਲੱਗੀ ਪੌਦੇ ਦੀ ਸਮੱਗਰੀ ਨੂੰ ਹਟਾ ਦਿਓ।
- ਲੱਕੜ, ਟਹਿਣੀਆਂ ਅਤੇ ਪੌਦੇ ਦੀ ਸਮੱਗਰੀ ਨੂੰ ਨਾ ਲਿਜਾ ਕੇ ਜਾਂ ਇੱਧਰ-ਉੱਧਰ ਨਾ ਕਰਕੇ, ਹਾਨੀਕਾਰਕ ਕੀੜਿਆਂ ਨੂੰ ਫੈਲਣ ਤੋਂ ਰੋਕੋ।

### ਕੋਈ ਨਿਸ਼ਾਨ ਨਾ ਛੱਡੋ

- ਕੂੜਾ-ਕਰਕਟ ਨਾ ਖਿੰਡਾਓ। ਸਾਰੇ ਕੂੜੇ ਦਾ ਨਿਬੇੜਾ ਸਹੀ ਢੰਗ ਨਾਲ ਕਰੋ, ਇਸਨੂੰ ਪ੍ਰਦਾਨ ਕੀਤੇ ਡੱਬਿਆਂ ਵਿੱਚ ਪਾ ਦਿਓ ਜਾਂ ਆਪਣੇ ਨਾਲ ਲੈ ਜਾਓ।
- ਪਾਲਤੂ ਜਾਨਵਰਾਂ ਦਾ ਪਖਾਨਾ ਸਾਫ ਕਰੋ ਅਤੇ ਉਹਨਾਂ ਨੂੰ ਜੰਜੀਰ ਨਾਲ ਬੰਨ੍ਹ ਕੇ ਰੱਖੋ। ਜੇਕਰ ਖੁੱਲ੍ਹਾ ਛੱਡ ਦਿੱਤਾ ਜਾਵੇ, ਤਾਂ ਪਾਲਤੂ ਜਾਨਵਰ ਬਨਸਪਤੀ ਨੂੰ ਮਿੱਧ ਸਕਦੇ ਹਨ ਅਤੇ ਪੰਛੀਆਂ ਜਾਂ ਦੂਜੇ ਛੋਟੇ ਜਾਨਵਰਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।
- ਨਵੀਆਂ ਟ੍ਰੇਲਸ ਨਾ ਬਣਾਓ। ਵਾਧੂ ਟ੍ਰੇਲਸ ਐਨ.ਐਚ.ਐਸ. ਨੂੰ ਖਰਾਬ ਕਰ ਸਕਦੀਆਂ ਹਨ, ਆਕਰਮਣਸ਼ੀਲ ਸਪੈਸੀਜ ਨੂੰ ਫੈਲਾ ਸਕਦੀਆਂ ਹਨ ਅਤੇ ਮੂਲ ਸਪੈਸੀਜ ਨੂੰ ਪਰੇਸ਼ਾਨ ਕਰ ਸਕਦੀਆਂ ਹਨ।



# ਅਕਸਰ ਪੁੱਛੇ ਜਾਣ ਵਾਲੇ ਸਵਾਲ

**Q** **ਕੁਦਰਤੀ ਖੇਤਰਾਂ ਦੇ ਕਾਰਨ ਮੇਰੀ ਪ੍ਰਾਪਰਟੀ ਵੱਲ ਆਕਰਸ਼ਿਤ ਹੋਣ ਵਾਲੇ ਕੁਤਰਨ ਵਾਲੇ ਜੀਵਾਂ ਅਤੇ ਪਰੇਸ਼ਾਨ ਕਰਨ ਵਾਲੇ ਜਾਨਵਰਾਂ ਬਾਰੇ ਮੈਂ ਕੀ ਕਰ ਸਕਦਾ ਹਾਂ?**


**A** ਜਾਨਵਰ, ਭੋਜਨ ਦੀ ਤਲਾਸ਼ ਵਿੱਚ ਆਪਣੇ ਕੁਦਰਤੀ ਨਿਵਾਸ ਸਥਾਨ ਨੂੰ ਛੱਡਦੇ ਹਨ। ਜਾਨਵਰਾਂ ਨੂੰ ਆਪਣੀ ਪ੍ਰਾਪਰਟੀ ਵੱਲ ਆਉਣ ਤੋਂ ਰੋਕਣ ਲਈ, ਕੂੜੇ ਅਤੇ ਕੰਪੋਸਟ ਨੂੰ ਸਹੀ ਢੰਗ ਨਾਲ ਸਟੋਰ ਕਰਕੇ ਰੱਖੋ ਅਤੇ ਪੰਛੀਆਂ ਦੇ ਫੀਡਰਸ ਤੋਂ ਡੁੱਲ੍ਹੇ ਬੀਜਾਂ ਨੂੰ ਸਾਫ ਕਰ ਦਿਓ।

**Q** **ਮੈਂ ਆਪਣੀ ਪ੍ਰਾਪਰਟੀ ਦੇ ਨੇੜੇ ਕਾਈਓਟੀ ਦੇਖੀ ਹੈ, ਮੈਨੂੰ ਕੀ ਕਰਨਾ ਚਾਹੀਦਾ ਹੈ?**

**A** ਕਾਈਓਟੀਸ ਵੱਲੋਂ ਲੋਕਾਂ ਤੇ ਹਮਲਾ ਕਰਨ ਦੀਆਂ ਘਟਨਾਵਾਂ ਬਹੁਤ ਹੀ ਘੱਟ ਹਨ। ਲੋਕਾਂ ਨਾਲ ਕਾਈਓਟੀਸ ਦੇ ਇੰਟਰੈਕਸ਼ਨ ਦੇ ਸਾਰੇ ਗਿਆਤ ਮਾਮਲਿਆਂ ਵਿੱਚ, ਜਾਨਵਰਾਂ ਨੇ ਮਨੁੱਖਾਂ ਦੇ ਪ੍ਰਤੀ ਆਪਣਾ ਡਰ ਛੱਡ ਦਿੱਤਾ ਕਿਉਂਕਿ ਲੋਕ ਉਹਨਾਂ ਨੂੰ ਭੋਜਨ ਕਰਵਾ ਰਹੇ ਸਨ। ਇਹ ਯਕੀਨੀ ਬਣਾਉਣ ਲਈ ਕਿ ਕਾਈਓਟੀਸ ਲੋਕਾਂ ਦੇ ਆਸਪਾਸ ਸਹਿਜ ਨਾ ਹੋ ਜਾਣ, ਉਹਨਾਂ ਨੂੰ ਭੋਜਨ ਨਾ ਖਵਾਓ। ਬ੍ਰੈਂਪਟਨ ਵਿੱਚ ਕਾਈਓਟੀਸ ਦੇ ਦਿੱਸਣ ਬਾਰੇ ਜਾਣਕਾਰੀ ਤੱਕ ਪਹੁੰਚ ਲਈ ਜਾਂ ਦਿੱਸਣ ਦੀ ਰਿਪੋਰਟ ਜਮ੍ਹਾਂ ਕਰਨ ਲਈ, **brampton.ca/animalservices** ਤੇ ਜਾਓ। ਜੇਕਰ ਤੁਹਾਨੂੰ ਬੀਮਾਰ ਜਾਂ ਜ਼ਖਮੀ ਕਾਈਓਟੀ ਦਿੱਸੇ, ਤਾਂ ਐਨੀਮਲ ਸਰਵਿਸਿਜ (Animal Services) ਨੂੰ **311** ਤੇ ਫੋਨ ਕਰਕੇ ਸੰਪਰਕ ਕਰੋ।

**Q** **ਕੀ ਕੁਦਰਤੀ ਖੇਤਰਾਂ ਤੋਂ ਜੰਗਲੀ ਘਾਹ ਮੇਰੀ ਪ੍ਰਾਪਰਟੀ ਵਿੱਚ ਫੈਲੇਗਾ?**

**A** ਕੁਦਰਤੀ ਖੇਤਰਾਂ ਦੇ ਕੋਲ ਰਹਿਣ ਦੇ ਕਈ ਫਾਇਦੇ ਹਨ। ਕੁਦਰਤੀ ਖੇਤਰਾਂ ਤੋਂ ਪੌਦੇ ਦੀ ਸਪੈਸੀਜ ਦਾ ਪਰਵਾਸ ਇੱਕ ਸਿਹਤਮੰਦ ਪ੍ਰਕਿਰਿਆ ਹੈ, ਜੋ ਕੁਦਰਤ ਦੇ ਨੇੜੇ ਅਤੇ ਇਸਦੀ ਮੌਜੂਦਗੀ ਵਿੱਚ ਰਹਿਣ ਦਾ ਹਿੱਸਾ ਹੈ।



ਚਿੰਗਕੂਜ਼ੀ ਟ੍ਰੇਲ (Chinguacousy Trail)

**Q** **ਮੇਰੀਆਂ ਐਲਰਜੀਸ ਦਾ ਕੀ ਕਰਾਂ?**

**A** ਕੁਦਰਤੀ ਖੇਤਰ, ਪਰਾਗ ਅਤੇ ਹਵਾ ਤੋਂ ਪੈਦਾ ਹੋਣ ਵਾਲੇ, ਐਲਰਜੀ ਪੈਦਾ ਕਰਨ ਵਾਲੇ ਹੋਰ ਤੱਤਾਂ ਦੀ ਮੌਜੂਦਗੀ ਦੇ ਕਾਰਨ ਐਲਰਜੀਸ ਤੇ ਅਸਰ ਪਾ ਸਕਦੇ ਹਨ। ਅਸਲ ਵਿੱਚ, ਜਲਵਾਯੂ ਸਬੰਧੀ ਬਦਲਾਅ, ਵਧੇ ਹੋਏ ਪਰਾਗ ਉਤਪਾਦਨ ਅਤੇ ਉਗਾਉਣ ਦੇ ਲੰਮੇ ਸੀਜਨਾਂ ਦੇ ਕਾਰਨ, ਐਲਰਜੀ ਦੀ ਤੀਬਰਤਾ ਅਤੇ ਮਿਆਦ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕਿਉਂਕਿ ਗਰਮ ਮੌਸਮ, ਪੌਦਿਆਂ ਤੇ ਜਲਦੀ ਫੁੱਲ ਆਉਣ ਦਾ ਸੰਕੇਤ ਦਿੰਦਾ ਹੈ, ਪਰਾਗ ਸੀਜਨ ਪਹਿਲਾਂ ਸ਼ੁਰੂ ਹੋ ਜਾਂਦੇ ਹਨ ਅਤੇ ਲੰਮੇ ਸਮੇਂ ਤੱਕ ਰਹਿੰਦੇ ਹਨ।

**Q** **ਮੇਰੀ ਪ੍ਰਾਪਰਟੀ ਦੇ ਪਿੱਛੇ ਦਾ ਕੁਦਰਤੀ ਖੇਤਰ ਗੰਦਾ ਦਿੱਸਦਾ ਹੈ**

**A** ਅਵਿਕਸਿਤ ਕੁਦਰਤੀ ਖੇਤਰ ਗੰਦੇ ਦਿੱਸ ਸਕਦੇ ਹਨ, ਜਦੋਂ ਤੱਕ ਉਹ ਤਿਆਰ ਜੰਗਲਾਂ ਵਿੱਚ ਵਿਕਸਿਤ ਨਾ ਹੋ ਜਾਣ। ਹਾਲਾਂਕਿ, ਇਹ ਖੇਤਰ ਤਦ ਵੀ, ਜੰਗਲੀ ਜੀਵਾਂ ਲਈ ਨਿਵਾਸ ਸਥਾਨ ਅਤੇ ਭੋਜਨ ਸਰੋਤ ਸਮੇਤ, ਕਈ ਫਾਇਦੇ ਪ੍ਰਦਾਨ ਕਰਦੇ ਹਨ।

## Q ਰੁੱਖਾਂ ਤੋਂ ਪੱਤੇ, ਪਰਾਗ ਅਤੇ ਪੌਦਿਆਂ ਸਬੰਧੀ ਸਮੱਗਰੀ ਮੇਰੇ ਯਾਰਡ ਵਿੱਚ ਡਿੱਗ ਰਹੀ ਹੈ। ਕੀ ਸਿਟੀ ਰੁੱਖਾਂ ਨੂੰ ਹਟਾ ਸਕਦੀ ਹੈ?

**A** ਨਹੀਂ, ਸਿਟੀ ਗਵਾਂਢ ਦੀ ਪਬਲਿਕ ਜ਼ਮੀਨ ਤੋਂ ਰੁੱਖ ਨਹੀਂ ਹਟਾਏਗੀ, ਜਦੋਂ ਤੱਕ ਕਿ ਇਹ ਪ੍ਰਾਪਰਟੀ ਜਾਂ ਲੋਕਾਂ ਨੂੰ ਤਤਕਾਲੀ ਜੋਖਮ ਪੈਦਾ ਨਾ ਕਰਦੇ ਹੋਣ (ਜਿਵੇਂ, ਡਿੱਗਣ ਵਾਲੇ, ਖਤਮ ਹੋ ਚੁੱਕੇ ਜਾਂ ਖਤਮ ਹੋ ਰਹੇ ਰੁੱਖ)। ਇਹ ਸਮਝਣਾ ਜ਼ਰੂਰੀ ਹੈ ਕਿ ਕੁਦਰਤੀ ਪ੍ਰਕਿਰਿਆਵਾਂ, ਜਿਵੇਂ ਪੱਤਿਆਂ ਦਾ ਕੂੜਾ, ਜੰਗਲੀ ਜੀਵਾਂ ਦਾ ਦਿੱਸਣਾ, ਅਤੇ ਹੋਰ ਬਾਇ-ਉਤਪਾਦ, ਕੁਦਰਤ ਦੇ ਆਸਪਾਸ ਜਾਂ ਇਸਦੇ ਨਾਲ ਰਹਿਣ ਦਾ ਕੁਦਰਤੀ ਨਤੀਜਾ ਹਨ। ਰੁੱਖ, ਜਲਵਾਯੂ ਸਬੰਧੀ ਬਦਲਾਅ ਦਾ ਮੁਕਾਬਲਾ ਕਰਨ ਵਿੱਚ, ਆਪਣੀ ਭੂਮਿਕਾ ਨਿਭਾਉਣ ਲਈ ਮਹੱਤਵਪੂਰਣ ਹਨ।

## Q ਮੈਨੂੰ ਯਾਰਡ ਅਤੇ ਗਾਰਡਨ ਦੇ ਕੂੜੇ ਨਾਲ ਕੀ ਕਰਨਾ ਚਾਹੀਦਾ ਹੈ?

**A** ਆਪਣੇ ਯਾਰਡ ਦੇ ਕੂੜੇ ਦਾ ਸਹੀ ਢੰਗ ਨਾਲ ਨਿਬੇੜਾ, ਪੀਲ ਰੀਜਨ (Peel Region) ਯਾਰਡ ਕੂੜਾ ਕਲੈਕਸ਼ਨ ਪ੍ਰੋਗਰਾਮ ਅਤੇ ਆਪਣੇ ਹਰੇ ਡੱਬੇ ਦੁਆਰਾ ਕਰੋ। ਯਾਰਡ ਦੇ ਕੂੜੇ ਨੂੰ ਕੁਦਰਤੀ ਖੇਤਰਾਂ ਜਾਂ ਵਾਟਰ ਬਾਡੀਜ ਵਿੱਚ ਸੁੱਟਣਾ ਅਵੈਧ ਹੈ ਕਿਉਂਕਿ ਇਸ ਨਾਲ ਵਾਤਾਵਰਣ ਨੂੰ ਨੁਕਸਾਨ ਪਹੁੰਚ ਸਕਦਾ ਹੈ।

## Q ਕੁਦਰਤੀ ਖੇਤਰਾਂ ਵਿੱਚ ਨਾਜਾਇਜ਼ ਕਬਜ਼ਿਆਂ ਦੇ ਕੀ ਨਤੀਜੇ ਹੁੰਦੇ ਹਨ?

**A** ਪ੍ਰਾਪਰਟੀ ਦੀਆਂ ਬ੍ਰਾਉਂਡਰੀਜ ਤੋਂ ਅੱਗੇ ਕੁਦਰਤੀ ਖੇਤਰਾਂ ਵਿੱਚ ਲਾਅਨ ਦਾ ਵਿਸਤਾਰ ਕਰਨ ਨਾਲ, ਇਹ ਵੰਨ-ਸੁਵੰਨੇ ਕੁਦਰਤੀ ਨਿਵਾਸ ਸਥਾਨ ਨੂੰ ਤਬਾਹ ਕਰਦਾ ਹੈ ਅਤੇ ਬਾਇਓਡਾਇਵਰਸਿਟੀ ਨੂੰ ਘਟਾਉਂਦਾ ਹੈ। ਨਾਜਾਇਜ਼ ਕਬਜ਼ੇ ਤੇ ਪਾਬੰਦੀ ਹੈ ਅਤੇ ਇਸ ਵਾਸਤੇ, ਬ੍ਰੈਂਪਟਨ ਬਾਇ-ਲਾਅ (Brampton By-Law) ਸਰਵਿਸਿਜ ਵੱਲੋਂ ਜੁਰਮਾਨਾ ਲਗਾਇਆ ਜਾਵੇਗਾ।

**ਜੇਕਰ ਤੁਸੀਂ ਕਿਸੇ ਨੂੰ ਅਵੈਧ ਢੰਗ ਨਾਲ ਕੂੜਾ ਸੁੱਟਣ, ਰੁੱਖਾਂ ਨੂੰ ਕੱਟਣ ਜਾਂ ਆਪਣੀ ਚਾਰਦੀਵਾਰੀ ਤੋਂ ਯਾਰਡ ਦਾ ਕੂੜਾ ਸੁੱਟਣ ਦੁਆਰਾ ਐਨ.ਐਚ.ਐਸ. ਨੂੰ ਨੁਕਸਾਨ ਪਹੁੰਚਾਉਂਦੇ ਹੋਏ ਜਾਂ ਇਸ ਵਿੱਚ ਵਿਘਨ ਪਾਉਂਦੇ ਹੋਏ ਦੇਖੋ, ਤਾਂ ਤੁਰੰਤ ਇਸ ਕੰਮ ਦੀ ਰਿਪੋਰਟ, 311 ਤੇ ਬਾਇ-ਲਾਅ ਨੂੰ ਕਰੋ।**

**ਕੀ ਤੁਹਾਨੂੰ ਪਤਾ ਹੈ?**



Loafers Lake

# ਸ਼ਬਦਾਵਲੀ



### ਬਾਇਓਡਾਇਵਰਸਿਟੀ

ਸਾਰੀਆਂ ਸਜੀਵ ਵਸਤਾਂ ਅਤੇ ਉਹ ਤਰੀਕੇ, ਜਿਹਨਾਂ ਨਾਲ ਉਹ ਇੱਕ-ਦੂਜੇ ਨਾਲ ਅਤੇ ਆਪਣੇ ਵਾਤਾਵਰਣ ਦੇ ਨਾਲ ਇੰਟਰੈਕਟ ਕਰਦੀਆਂ ਹਨ।

### ਈਕੋਸਿਸਟਮ

ਯੂਨਿਟ ਵਜੋਂ ਕੰਮ ਕਰਦੇ ਹੋਏ, ਜੀਵਾਂ ਦੀ ਕਮਿਊਨਿਟੀ ਅਤੇ ਭੌਤਿਕ ਵਾਤਾਵਰਣ, ਜਿੱਥੇ ਉਹ ਰਹਿੰਦੇ ਹਨ ਅਤੇ ਜਿਸ ਉੱਤੇ ਉਹ ਨਿਰਭਰ ਹਨ।

### ਈਕੋਸਿਸਟਮ ਸੇਵਾਵਾਂ

ਕੁਦਰਤੀ ਵਾਤਾਵਰਣ ਵੱਲੋਂ ਪ੍ਰਦਾਨ ਕੀਤੇ ਜਾਣ ਵਾਲੇ ਫਾਇਦੇ। ਇਸ ਵਿੱਚ ਸ਼ਾਮਲ ਹਨ, ਹੜ੍ਹ ਨਿਯੰਤਰਣ, ਮਿੱਟੀ ਨੂੰ ਰੋਕ ਕੇ ਰੱਖਣਾ, ਪਾਣੀ ਦਾ ਸ਼ੁੱਧੀਕਰਨ, ਸੁਧਰੀ ਹੋਈ ਹਵਾ ਕੁਆਲਿਟੀ, ਪਰਾਗਣ, ਜਲਵਾਯੂ ਸਬੰਧੀ ਬਦਲਾਅ ਵਿੱਚ ਕਮੀ ਅਤੇ ਜੰਗਲੀ ਜੀਵਾਂ ਦੇ ਕੁਦਰਤੀ ਨਿਵਾਸ ਸਥਾਨ ਦਾ ਪ੍ਰਬੰਧ, ਜੰਗਲ ਅਤੇ ਤਾਜ਼ੇ ਪਾਣੀ ਦੇ ਭੋਜਨ ਅਤੇ ਆਊਟਡੋਰ ਰੇਕ੍ਰੀਏਸ਼ਨ ਅਤੇ ਗਤੀਵਿਧੀਆਂ ਲਈ ਥਾਵਾਂ।

### ਕੁਦਰਤੀ ਖੇਤਰ

ਜ਼ਮੀਨਾਂ, ਜੋ ਸਿਟੀ ਵੱਲੋਂ ਸੁਰੱਖਿਅਤ ਕੀਤੀਆਂ ਗਈਆਂ ਹਨ, ਜਿਹਨਾਂ ਵਿੱਚ ਕੁਦਰਤੀ ਵਿਰਸੇ ਦੀਆਂ ਵਿਸ਼ੇਸ਼ਤਾਵਾਂ ਹਨ, ਜਿਵੇਂ ਜੰਗਲ, ਘਾਟੀ ਦੀਆਂ ਜ਼ਮੀਨਾਂ, ਵੈਟਲੈਂਡਸ, ਝੀਲਾਂ, ਨਦੀਆਂ, ਤਲਾਬ ਅਤੇ ਮੇਡੋਜ।

### ਨੈਚੁਰਲ ਹੈਰੀਟੇਜ ਸਿਸਟਮ

ਬ੍ਰੈਂਪਟਨ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ ਅਤੇ ਖੇਤਰਾਂ ਦਾ ਨੈਟਵਰਕ, ਜਿਸ ਵਿੱਚ ਸ਼ਾਮਲ ਹਨ, ਜੰਗਲ, ਘਾਟੀ ਦੀਆਂ ਜ਼ਮੀਨਾਂ, ਵੈਟਲੈਂਡਸ, ਝੀਲਾਂ, ਨਦੀਆਂ, ਤਲਾਬ ਅਤੇ ਮੇਡੋਜ। ਐਨ.ਐਚ.ਐਸ., ਸਿਟੀ ਅਤੇ ਇਸਦੇ ਵਸਨੀਕਾਂ ਲਈ ਫਾਇਦੇ ਅਤੇ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਵੇਂ ਸਾਡੀ ਹਵਾ ਅਤੇ ਪਾਣੀ ਨੂੰ ਸਾਫ ਕਰਨਾ, ਬਾਇਓਡਾਇਵਰਸਿਟੀ ਦੀ ਸੰਭਾਲ ਕਰਨਾ, ਹੜ੍ਹ ਨੂੰ ਘਟਾਉਣਾ, ਰੇਕ੍ਰੀਏਸ਼ਨਲ ਮੌਕੇ ਪ੍ਰਦਾਨ ਕਰਨਾ ਅਤੇ ਗ੍ਰੀਨਹਾਊਸ ਗੈਸ (ਜੀ.ਐਚ.ਜੀ.) ਨਿਕਾਸੀਆਂ ਨੂੰ ਸੋਖਣਾ ਅਤੇ ਸਟੋਰ ਕਰਨਾ।

### ਨਾਗਰੀਕਰਣ

ਇੱਕ ਪ੍ਰਕਿਰਿਆ, ਜਿਸਦੇ ਦੁਆਰਾ ਵਿਕਲਪਿਕ ਜ਼ਮੀਨ ਪ੍ਰਬੰਧਨ ਪੱਧਤੀਆਂ, ਈਕੋਸਿਸਟਮ ਦੇ ਪੁਨਰ ਜਣਨ ਨੂੰ ਉਤਸ਼ਾਹਿਤ ਕਰਦੀਆਂ ਹਨ।

### ਪੋਲੀਨੇਟਰ

ਪੋਲੀਨੇਟਰਸ ਉਹ ਕੀੜੇ ਜਾਂ ਜਾਨਵਰ ਹਨ, ਜੋ ਪਰਾਗਣ ਨੂੰ ਫੁੱਲ (ਪੁੰਕੇਸਰ) ਦੇ ਨਰ ਹਿੱਸੇ ਤੋਂ, ਉਸੇ ਜਾਂ ਵੱਖਰੇ ਫੁੱਲ (ਪਰਾਗ ਕਣ ਗ੍ਰਾਹੀ) ਦੇ ਮਾਦਾ ਹਿੱਸੇ ਤੱਕ ਲੈ ਕੇ ਜਾਂਦੇ ਹਨ। ਪੌਦੇ ਲਈ ਪਰਾਗਣ ਦੀ ਗਤੀਵਿਧੀ ਲਾਜ਼ਮੀ ਹੈ, ਤਾਂ ਜੋ ਇਹ ਉਪਜਾਊ ਬਣ ਸਕੇ ਅਤੇ ਫੁੱਲ, ਬੀਜ ਅਤੇ ਛੋਟੇ ਪੌਦੇ ਪੈਦਾ ਕਰ ਸਕੇ।



## ਹੋਰ ਵਸੀਲਿਆਂ ਦੀ ਪੜਚੋਲ ਕਰਨ ਲਈ, QR ਕੋਡਸ ਸਕੈਨ ਕਰੋ

Grow Green

NHS restoration map

Litter Reduction

Animal Services

Brampton Trail Map

Lakes and River Tours

Invading Species

Credit Valley Conservation

Toronto and Region Conservation Authority

Invasive Plants

ਇਸ ਬਾਰੇ ਵਧੇਰੇ ਜਾਣਕਾਰੀ ਲਵੋ ਕਿ ਤੁਸੀਂ ਬ੍ਰੈਂਪਟਨ ਦੇ ਨੈਚੁਰਲ ਹੈਰੀਟੇਜ ਸਿਸਟਮ ਦੀ ਹਿਮਾਇਤ ਕਰਨ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹੋ।

brampton.ca/growgreen ਤੇ ਜਾਓ

